# ਤਿੰਨ ਸੁਪਨੇ

## (ਬੱਚਿਆਂ ਲਈ ਬੋਧ ਕਥਾਵਾਂ)

ਸੰਪਾਦਕ

**ਮਨਮੋਹਨ ਸਿੰਘ ਦਾਊਂ**

ਸਾਹਿਤ ਅਕਾਦਮੀ ਸਨਮਾਨਤ
ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ



# ਤਿੰਨ ਸੁਪਨੇ

(ਬੱਚਿਆਂ ਲਈ ਬੋਧ ਕਥਾਵਾਂ)

**ਮਨਮੋਹਨ ਸਿੰਘ ਦਾਊਂ**

ਸਾਹਿਤ ਅਕਾਦਮੀ ਸਨਮਾਨਤ

ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ

1

# ਤਿੰਨ ਸੁਪਨੇ

ਪੁਰਾਣੀ ਗੱਲ ਹੈ, ਚਿਤਰਾਦੁਰਗਾ ਦਾ ਇਕ ਰਾਜਾ ਹੁੰਦਾ ਸੀ। ਉਸ ਦੀ ਪਰਜਾ ਉਸ ਨੂੰ ਅੰਤਾਂ ਦਾ ਪਿਆਰ ਕਰਦੀ ਸੀ। ਉਹ ਵੀ ਪਰਜਾ ਦੀ ਭਲਾਈ ਦਾ ਸ਼ਰਧਾਲੂ ਸੀ ਪਰੰਤੂ ਫਿਰ ਵੀ ਉਸ ਨੂੰ ਅਜੀਬ ਕਿਸਮ ਦੇ ਸੁਪਨੇ ਆਉਂਦੇ ਰਹਿੰਦੇ ਜਿਸ ਕਾਰਨ ਉਸ ਨੂੰ 'ਸੁਪਨੇ ਦਾ ਰਾਜਾ' ਆਖਿਆ ਜਾਣ ਲੱਗਾ।

ਇਕ ਦਿਨ ਉਸ ਨੇ ਸੁਪਨੇ ਵਿਚ ਇਕ ਲਾਲ ਲੂੰਬੜ ਆਪਣੇ ਬਿਸਤਰੇ ਕੋਲ ਉਪਰ-ਥੱਲੇ ਲਟਕਦਾ ਵੇਖਿਆ। ਉਸ ਨੇ ਆਪਣੇ ਦਰਬਾਰ ਵਿਚ ਸਾਰੇ ਸੂਝਵਾਨ ਵਿਅਕਤੀ ਸੱਦੇ। ਰਾਜੇ ਨੇ ਐਲਾਨ ਕੀਤਾ ਕਿ ਜਿਹੜਾ ਵੀ ਮੇਰੇ ਇਸ ਸੁਪਨੇ ਦੇ ਅਰਥ ਦੱਸੇਗਾ, ਉਸ ਨੂੰ ਸੋਨੇ ਦੀਆਂ ਮੁਹਰਾਂ ਦਿਤੀਆਂ ਜਾਣਗੀਆਂ। ਕੋਈ ਵੀ ਇਸ ਸੁਪਨੇ ਦੇ ਅਰਥ ਦੱਸ ਨਾ ਸਕਿਆ।

ਪਿੰਡ ਦੇ ਇਕ ਗਰੀਬ ਕਿਸਾਨ ਨੂੰ ਰਾਜੇ ਦੇ ਇਸ ਐਲਾਨ ਦਾ ਪਤਾ ਲੱਗਿਆ। ਉਸ ਨੇ ਇਕ ਵਿਦਵਾਨ ਰਾਮਾ ਜੋਸ਼ੀ ਨਾਂ ਦੇ ਬ੍ਰਾਹਮਣ ਕੋਲ ਗੱਲ ਕੀਤੀ ਕਿ ਜੇਕਰ ਉਹ ਉਸ ਨੂੰ ਰਾਜੇ ਦੇ ਸੁਪਨੇ ਦੇ ਅਰਥ ਸਮਝਾ ਦੇਵੇ ਤਾਂ ਅੱਧਾ ਇਨਾਮ ਉਹ ਬ੍ਰਾਹਮਣ ਨੂੰ ਭੇਟ ਕਰ ਦੇਵੇਗਾ ਪਰੰਤੂ ਉਸ ਵਿਦਵਾਨ ਬ੍ਰਾਹਮਣ ਨੂੰ ਪੈਸੇ ਅਤੇ ਪ੍ਰਸਿੱਧੀ ਦੀ ਕੋਈ ਲਾਲਸਾ ਨਹੀਂ ਸੀ। ਉਹ ਤਾਂ ਕੇਵਲ ਕਿਸਾਨ ਦੀ ਦਿਆਨਤਦਾਰੀ ਪਰਖਣਾ ਚਾਹੁੰਦਾ ਸੀ। ਇਸ ਲਈ ਉਸ ਨੇ ਕਿਸਾਨ ਤੋਂ ਅੱਧਾ ਹਿੱਸਾ ਇਨਾਮ ਲੈਣ ਲਈ ਹਾਂ ਕਰ ਦਿਤੀ।

ਬ੍ਰਾਹਮਣ ਨੇ ਕਿਸਾਨ ਨੂੰ ਕਿਹਾ ਕਿ ਰਾਜੇ ਨੂੰ ਦੱਸ ਦਿਤਾ ਜਾਵੇ ਕਿ ਉਸ ਦੇ ਰਾਜ ਵਿਚ ਬਹੁਤ ਝੂਠ, ਧੋਖਾ ਅਤੇ ਬੇਈਮਾਨੀ ਛਾਈ ਹੋਈ ਹੈ। ਉਸ ਨੂੰ ਇਹ ਬੁਰਿਆਈਆਂ ਛੇਤੀ ਤੋਂ ਛੇਤੀ ਦੂਰ ਕਰਨੀਆਂ ਚਾਹੀਦੀਆਂ ਹਨ। ਰਾਜੇ ਨੇ ਕਿਸਾਨ ਤੋਂ ਸੁਪਨੇ ਦੇ ਅਰਥ ਸੁਣ ਕੇ, ਉਸ ਨੂੰ ਇਕ ਹਜ਼ਾਰ ਸੋਨੇ ਦੀਆਂ ਮੁਹਰਾਂ ਇਨਾਮ ਵਜੋਂ ਦੇ ਦਿਤੀਆਂ। ਰਾਜੇ ਨੇ ਆਪਣੇ ਰਾਜ ਵਿਚੋਂ ਤਿੰਨੇ ਬੁਰਾਈਆਂ ਦੂਰ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਸਵਾਰਥੀ ਕਿਸਾਨ ਨੇ ਬ੍ਰਾਹਮਣ ਨਾਲ ਕੀਤੇ ਇਕਰਾਰ ਨੂੰ ਭੁਲਾ ਦਿਤਾ ਤੇ ਪੰਜ ਸੌ ਮੁਹਰਾਂ ਦੇਣ ਤੋਂ ਇਨਕਾਰ ਕਰ ਦਿਤਾ।

ਕੁਝ ਸਮੇਂ ਪਿੱਛੋਂ, ਰਾਜੇ ਨੂੰ ਫਿਰ ਇਕ ਅਜੀਬ ਸੁਪਨਾ ਆਇਆ। ਸੁਪਨੇ ਵਿਚ ਉਸ ਨੂੰ ਆਪਣੇ ਸਿਰ ਉਤੇ ਇਕ ਜਲ ਰਿਹਾ ਛੁਰਾ ਨਜ਼ਰੀਂ ਆਇਆ। ਇਸ ਵਾਰੀ ਰਾਜੇ ਨੇ ਇਸ ਸੁਪਨੇ ਦੇ ਅਰਥ ਦੱਸਣ ਵਾਲੇ ਨੂੰ ਪੰਜ ਹਜ਼ਾਰ ਸੋਨੇ ਦੀਆਂ ਟੁਕੜੀਆਂ ਦੇਣ ਦਾ ਐਲਾਨ ਕੀਤਾ।

ਉਹੀ ਕਿਸਾਨ ਮੁੜ ਉਸ ਵਿਦਵਾਨ ਕੋਲ ਮਦਦ ਲੈਣ ਲਈ ਆਇਆ। ਕਿਸਾਨ ਨੇ ਆਪਣਾ ਕੀਤਾ ਵਾਅਦਾ ਪੂਰਾ ਨਾ ਕਰਨ ਦਾ ਪਛਤਾਵਾ ਕੀਤਾ ਤੇ ਅੱਗੇ ਨੂੰ ਪ੍ਰਣ ਨਿਭਾਉਣ ਦਾ ਵਿਸ਼ਵਾਸ

ਦੁਆਇਆ। ਬ੍ਰਾਹਮਣ ਨੇ ਫੇਰ ਕਿਸਾਨ ਨੂੰ ਰਾਜੇ ਦੇ ਸੁਪਨੇ ਦੇ ਅਰਥ ਦਸਦਿਆਂ ਕਿਹਾ ਕਿ ਰਾਜੇ ਉੱਤੇ ਛੇਤੀ ਹੀ ਹਮਲਾ ਹੋਣ ਵਾਲਾ ਹੈ। ਇਸ ਲਈ ਰਾਜੇ ਨੂੰ ਤੁਰੰਤ ਬਚਾਓ ਲਈ ਜਤਨ ਕਰਨਾ ਚਾਹੀਦਾ ਹੈ।

ਰਾਜੇ ਨੇ ਬੜੀ ਉਤਸੁਕਤਾ ਨਾਲ ਕਿਸਾਨ ਦੀ ਭਵਿੱਖਬਾਣੀ ਸੁਣੀ ਤੇ ਉਸ ਨੂੰ ਮਿੱਥਿਆ ਇਨਾਮ ਦੇ ਦਿਤਾ। ਰਾਜੇ ਨੇ ਸਮੇਂ ਸਿਰ ਆਪਣੀ ਸੈਨਾ ਭੇਜ ਕੇ ਦੁਸ਼ਮਣ ਨੂੰ ਹਮਲਾ ਕਰਨ ਤੋਂ ਪਛਾੜ ਦਿਤਾ ਤੇ ਆਪਣਾ ਰਾਜ ਖ਼ਤਰੇ ਤੋਂ ਬਚਾ ਲਿਆ। ਲਾਲਚੀ ਕਿਸਾਨ ਨੇ ਇਸ ਵਾਰੀ ਵੀ ਬ੍ਰਾਹਮਣ ਨੂੰ ਇਨਾਮ 'ਚੋਂ ਬਣੀਆਂ ਹਿੱਸੇ ਦੀਆਂ ਸੋਨ-ਟੁਕੜੀਆਂ ਨਾ ਦਿਤੀਆਂ।

ਸਮਾਂ ਲੰਘਦਾ ਰਿਹਾ। ਰਾਜੇ ਨੂੰ ਇਕ ਹੋਰ ਤੀਜਾ ਅਨੋਖਾ ਸੁਪਨਾ ਆਇਆ। ਸੁਪਨੇ ਵਿਚ ਉਸ ਨੇ ਸ਼ਾਹੀ ਬਾਗ਼ ਵਿਚ ਇਕ ਭੇਡ ਚਰਦੀ ਵੇਖੀ ਅਤੇ ਉਸੇ ਸਮੇਂ ਆਪਣੇ ਸਿਰ ਉੱਤੇ ਇਕ ਕਬੂਤਰ ਉਡਦਾ ਤੱਕਿਆ।

ਕਿਸਾਨ ਨੇ ਤੀਜੀ ਵਾਰ ਫੇਰ ਉਸ ਬ੍ਰਾਹਮਣ ਕੋਲ ਸ਼ਰਮਿੰਦਗੀ ਪ੍ਰਗਟ ਕਰਦਿਆਂ ਰਾਜੇ ਦੇ ਸੁਪਨੇ ਦੀ ਵਿਆਖਿਆ ਪੁੱਛੀ। ਬੁੱਧੀਮਾਨ ਬ੍ਰਾਹਮਣ ਨੇ ਕਿਸਾਨ ਦੀ ਕੀਤੀ ਹੋਈ ਬੇਈਮਾਨੀ ਨੂੰ ਭੁਲਾ ਛੱਡਿਆ ਸੀ। ਉਹ ਤਾਂ ਇਕ ਨੇਕ ਵਿਅਕਤੀ ਸੀ। ਉਸ ਨੇ ਕਿਸਾਨ ਨੂੰ ਸੁਪਨੇ ਦੇ ਅਰਥ ਸਮਝਾਂਦਿਆਂ ਕਿਹਾ ਕਿ ਜਾ ਰਾਜੇ ਨੂੰ ਜਾ ਕੇ ਦੱਸ ਦੇ ਕਿ ਭਵਿੱਖ ਵਿਚ ਉਸ ਦੇ ਰਾਜ ਵਿਚ ਅਮਨ-ਸ਼ਾਂਤੀ ਤੇ ਖੁਸ਼ਹਾਲੀ ਹੋ ਜਾਵੇਗੀ। ਉਸ ਦਾ ਸੁਪਨਾ ਇਸ ਗੱਲ ਦਾ ਪ੍ਰਤੀਕ ਹੈ।

ਜਦੋਂ ਰਾਜੇ ਨੇ ਕਿਸਾਨ ਤੋਂ ਸੁਪਨੇ ਦੇ ਇਹ ਅਰਥ ਸੁਣੇ ਤਾਂ ਬੇਹੱਦ ਖੁਸ਼ ਹੋਇਆ। ਉਸ ਨੇ ਕਿਸਾਨ ਨੂੰ ਕੀਮਤੀ ਹੀਰਿਆਂ ਤੇ ਸੋਨੇ ਦੀਆਂ ਮੁਹਰਾਂ ਦੇ ਕੇ ਸਨਮਾਨਿਤ ਕੀਤਾ। ਪਰੰਤੂ ਇਸ ਵਾਰੀ ਕਿਸਾਨ ਦੀਆਂ ਅੱਖਾਂ ਖੁੱਲ੍ਹ ਗਈਆਂ। ਉਸ ਨੂੰ ਆਪਣੇ ਬੇਈਮਾਨੀ ਵਤੀਰੇ ਉਤੇ ਬਹੁਤ ਸ਼ਰਮ ਆਈ। ਆਖ਼ਿਰ ਉਹ ਪ੍ਰਾਪਤ ਕੀਤਾ ਸਾਰਾ ਇਨਾਮ ਲੈ ਕੇ ਵਿਦਵਾਨ ਬ੍ਰਾਹਮਣ ਨੂੰ ਖ਼ਿਮਾ ਸਹਿਤ ਭੇਟ ਕਰਨ ਲਈ ਚਲੇ ਗਿਆ।

ਬ੍ਰਾਹਮਣ ਨੇ ਇਨਾਮ ਦੇ ਤੋਹਫ਼ੇ ਅਸਵੀਕਾਰ ਕਰਦਿਆਂ ਕਿਸਾਨ ਨੂੰ ਕਿਹਾ, 'ਪਹਿਲੀ ਵਾਰ ਤੂੰ ਝੂਠ, ਧੋਖਾ ਤੇ ਬੇਈਮਾਨੀ 'ਚ ਗ੍ਰਸਿਆ ਹੋਇਆ ਸੀ। ਦੂਜੀ ਵਾਰ ਤੇਰੇ ਮਨ ਵਿਚ ਵੈਰ ਦੀ ਭਾਵਨਾ ਸੀ। ਹੁਣ ਰਾਜੇ ਦੇ ਤੀਜੇ ਸੁਪਨੇ ਦੇ ਫ਼ਲ ਸਰੂਪ ਤੇਰੇ ਦਿਲ ਵਿਚ ਤਬਦੀਲੀ ਆ ਗਈ ਹੈ। ਹੁਣ ਤੇਰਾ ਦਿਲ ਪਿਆਰ, ਕਿਰਤੱਗਤਾ ਤੇ ਸ਼ਾਂਤੀ ਨਾਲ ਭਰਪੂਰ ਹੈ। ਇਸੇ ਕਾਰਨ ਹੁਣ ਤੂੰ ਮੈਨੂੰ ਇਹ ਸਾਰਾ ਕੁਝ ਸੌਂਪਣ ਨੂੰ ਤਿਆਰ ਹੈਂ। ਆਪਣੇ ਕੀਤੇ ਭੈੜੇ ਵਿਵਹਾਰ ਬਾਰੇ ਚਿੰਤਾ ਨਾ ਕਰ। ਮੇਰੀਆਂ ਅਸੀਸਾਂ ਤੇਰੇ ਨਾਲ ਹਨ। ਚੰਗਾ ਇਨਸਾਨ ਬਣਨਾ ਹੀ ਸਭ ਤੋਂ ਵੱਡਾ ਧਰਮ ਹੈ।' ਕਿਸਾਨ ਸੋਚਾਂ ਵਿਚ ਡੁੱਬ ਗਿਆ। ਮਨ ਹੀ ਮਨ ਵਿਚ ਪਛਤਾਵਾ ਕਰਨ ਲੱਗਾ।

ਇਸ ਤੋਂ ਬਾਅਦ ਕਿਸਾਨ ਨੇ ਆਪਣੀ ਦੌਲਤ ਨੇਕ ਕੰਮਾਂ ਵਿਚ ਲਾਉਣੀ ਸ਼ੁਰੂ ਕਰ ਦਿਤੀ ਤੇ ਆਪਣਾ ਜੀਵਨ ਖੁਸ਼ੀ ਨਾਲ ਜਿਊਣ ਲੱਗਿਆ।

**

# 2 ਅਭਿਆਸ

ਇਕ ਵੇਰ ਦੀ ਗੱਲ ਹੈ। ਬਹੁਤ ਭਿਅੰਕਰ ਕਾਲ ਪਿਆ। ਘਾਹ, ਫੂਸ, ਬੂਟੇ ਤੇ ਰੁੱਖ ਸਾਰੇ ਸੁੱਕ ਗਏ। ਪਸ਼ੂ, ਪੰਛੀ ਤੇ ਜੀਵ ਭੁੱਖ ਨਾਲ ਮਰਨ ਲੱਗੇ। ਲੋਕੀਂ ਪਾਣੀ ਦੀ ਤਿੱਪ ਲਈ ਤਰਸਣ ਲੱਗੇ। ਧਰਤੀ ਸੁੱਕ ਕੇ ਰੱਕੜ ਬਣਨ ਲੱਗੀ ਤੇ ਨੰਗੀ ਨੰਗੀ ਨਜ਼ਰ ਆਉਣ ਲੱਗ ਪਈ। ਹਰਿਆਲੀ ਦਾ ਨਾਂ-ਨਿਸ਼ਾਨ ਨਾ ਰਿਹਾ। ਚਾਰੇ ਪਾਸੇ ਹਾ-ਹਾ ਕਾਰ ਮੱਚ ਗਈ। ਫ਼ਸਲਾਂ ਨਾ ਹੋਣ ਕਾਰਨ, ਅਨਾਜ ਦੀ ਘਾਟ ਹੋਣ ਲੱਗੀ।

ਇਸ ਭਿਅੰਕਰ ਕਾਲ ਸਮੇਂ, ਇਕ ਕਿਸਾਨ ਆਪਣੇ ਖੇਤ ਵਿਚ ਹਲ ਚਲਾ ਰਿਹਾ ਸੀ। ਰੱਬ ਸਬੱਬੀਂ, ਸ਼ਿਵ ਜੀ ਤੇ ਪਾਰਬਤੀ ਜੀ ਘੁੰਮਦੇ-ਘੁਮਾਉਂਦੇ ਉਥੋਂ ਦੀ ਲੰਘ ਰਹੇ ਸਨ। ਤੁਰਦੇ-ਤੁਰਦੇ, ਉਹ ਦੋਵੇਂ ਖੜੋ ਗਏ। ਪਾਰਬਤੀ ਬੋਲੀ, 'ਏਨੇ ਲੰਮੇ ਕਾਲ ਵਿਚ ਵੀ ਇਹ ਕਿਸਾਨ ਹਲ ਵਾਹ ਰਿਹਾ ਹੈ। ਲਗਦਾ ਹੈ, ਇਹ ਪਾਗਲ ਹੈ।'

ਸ਼ਿਵ ਜੀ ਇਹ ਸੁਣ ਕੇ ਹੈਰਾਨੀ ਵਿਚ ਪੈ ਗਏ। ਕੁਝ ਪਲ ਸੋਚ ਕੇ, ਉਹ ਦੋਵੇਂ ਜਣੇ ਕਿਸਾਨ ਕੋਲ ਗਏ।

ਸ਼ਿਵ ਜੀ ਕਿਸਾਨ ਨੂੰ ਪੁੱਛਣ ਲੱਗੇ, 'ਐ ਕਿਸਾਨ ਭਾਈ, ਤੂੰ ਕਾਲ ਵਿਚ ਵੀ ਹਲ ਚਲਾ ਰਿਹਾ ਹੈਂ ?ਕਿਤੇ ਤੂੰ ਪਾਗਲ ਤਾਂ ਨਹੀਂ ਹੋ ਗਿਆ ?'

ਅੱਗੋਂ ਕਿਸਾਨ ਨੇ ਉੱਤਰ ਦਿਤਾ, 'ਐ ਮਹਾਰਾਜ, ਮੈਂ ਪਾਗਲ ਤਾਂ ਨਹੀਂ। ਮੈਨੂੰ ਪਤਾ ਹੈ ਕਿ ਕਾਲ ਪਿਆ ਹੋਇਆ ਹੈ। ਪਰ ਮੈਨੂੰ ਇਹ ਡਰ ਵਧੇਰੇ ਹੈ ਕਿ ਜੇਕਰ ਮੈਂ ਹਲ ਚਲਾਉਣਾ ਛੱਡ ਦਿਤਾ ਤਾਂ ਮੇਰਾ ਖੇਤ ਵਾਹੁਣ ਦਾ ਅਭਿਆਸ ਰੁਕ ਜਾਵੇਗਾ। ਮੈਂ ਆਪਣਾ ਕਿੱਤਾ ਭੁੱਲ ਜਾਵਾਂਗਾ ਜੋ ਕਾਲ ਨਾਲੋਂ ਵੀ ਭੈੜੀ ਗੱਲ ਹੋਵੇਗੀ।'

ਕਿਸਾਨ ਦੀ ਇਹ ਗੱਲ ਸੁਣ ਕੇ ਸ਼ਿਵ-ਪਾਰਬਤੀ ਹੈਰਾਨ ਹੋਏ, ਉਥੋਂ ਚੱਲ ਪਏ। ਥੋੜ੍ਹੀ ਦੂਰ ਅੱਗੇ ਚੱਲ ਕੇ ਪਾਰਬਤੀ ਕਹਿਣ ਲੱਗੀ, 'ਸਵਾਮੀ ਜੀ, ਪਿਛਲੇ ਚਾਰ ਸਾਲਾਂ ਤੋਂ ਤੁਸੀਂ ਵਰਖਾ ਨਹੀਂ ਕਰਵਾਈ। ਕਿਤੇ ਇਹ ਨਾ ਹੋਵੇ ਕਿ ਤੁਹਾਡਾ ਸੰਖ ਵਜਾਉਣ ਦਾ ਅਭਿਆਸ ਹੀ ਤੁਹਾਨੂੰ ਭੁੱਲ ਜਾਵੇ।'

ਪਾਰਬਤੀ ਦੀ ਗੱਲ ਸੁਣ ਕੇ ਸ਼ਿਵਜੀ ਗੰਭੀਰ ਹੋ ਗਏ। ਫਿਰ ਝੱਟ ਬੋਲ ਉੱਠੇ, 'ਹਾਂ, ਹਾਂ, ਪਾਰਬਤੀ। ਤੇਰੀ ਗੱਲ ਸੱਚੀ ਜਾਪਦੀ ਹੈ। ਸੱਚਮੁਚ ਹੀ ਕਿਤੇ ਮੈਂ ਸੰਖ ਵਜਾਉਣਾ ਹੀ ਨਾ ਭੁੱਲ ਜਾਵਾਂ।'

ਅੱਗੋਂ ਪਾਰਬਤੀ ਬੋਲੀ, 'ਪਤੀ ਦੇਵ ਜੀ, ਤੁਸੀਂ ਪਰਖ ਕਰ ਕੇ ਵੇਖ ਵੀ ਲਵੋ।' ਪਾਰਬਤੀ ਦੇ ਬੋਲਾਂ ਵਿਚ ਸਿਆਣਪ ਸੀ। ਸੋਚ ਵਿਚਾਰ ਕਰਨ ਪਿੱਛੋਂ ਸ਼ਿਵ ਜੀ ਨੇ ਆਪਣਾ ਸੰਖ ਸੁੱਚਾ ਕੀਤਾ ਤੇ ਜ਼ੋਰ ਦੀ

ਵਜਾਇਆ। ਸੰਖ ਗੂੰਜਣ ਦੀ ਦੇਰ ਸੀ ਕਿ ਅਸਮਾਨ ਵਿਚ ਕਾਲੇ ਬੱਦਲ ਛਾ ਗਏ। ਮੌਸਮ ਵਿਚ ਤਬਦੀਲੀ ਆਉਣੀ ਸ਼ੁਰੂ ਹੋ ਗਈ। ਪਲਾਂ ਵਿਚ ਹੀ ਭਾਰੀ ਵਰਖਾ ਪੈਣੀ ਸ਼ੁਰੂ ਹੋ ਗਈ। ਸੰਕਟ ਟਲ ਗਿਆ। ਕਾਲ ਦੀ ਸਮੱਸਿਆ ਦੂਰ ਹੋ ਗਈ। ਲੋਕਾਂ ਵਿਚ ਖੁਸ਼ੀ ਦੀ ਲਹਿਰ ਦੌੜ ਪਈ।

ਉਹ ਕਿਸਾਨ ਹੱਦੋਂ ਵੱਧ ਪ੍ਰਸੰਨ ਹੋ ਰਿਹਾ ਸੀ।

**



# 3 ਨਾਸ਼ੁਕਰਾ

ਇਕ ਵੇਰ ਦੀ ਗੱਲ ਹੈ। ਇਕ ਲੜਕੇ ਤੇ ਇਕ ਸਪੋਲੀਏ ਦੀ ਦੋਸਤੀ ਪੈ ਗਈ। ਉਹ ਦੋਵੇਂ ਇਕੱਠੇ ਖੇਡਦੇ ਰਹਿੰਦੇ। ਲੋਕੀਂ ਹੈਰਾਨ ਹੁੰਦੇ। ਸਪੋਲੀਆ ਤਾਂ ਜ਼ਹਿਰੀਲਾ ਹੁੰਦਾ ਹੈ। ਲੜਕੇ ਨੂੰ ਡਰ ਕਿਉਂ ਨਹੀਂ ਲਗਦਾ।

ਇਕ ਦਿਨ ਲੜਕੇ ਨੇ ਸਪੋਲੀਏ ਨੂੰ ਕਿਹਾ, 'ਜੇ ਤੇਰੇ ਜ਼ਹਿਰੀ ਦੰਦ ਨਾ ਕੱਢੇ ਹੁੰਦੇ ਤਾਂ ਤੇਰੀ ਤੇ ਮੇਰੀ ਦੋਸਤੀ ਨਹੀਂ ਸੀ ਪੈਣੀ। ਤੇਰੀ ਜ਼ਾਤ ਬੜੀ ਪਾਪੀ ਮੰਨੀ ਜਾਂਦੀ ਹੈ। ਸਿਆਣੇ ਕਹਿੰਦੇ ਨੇ ਕਿ ਕਦੇ ਸੱਪ ਦੀ ਜ਼ਾਤ ਵੀ ਦੋਸਤੀ ਨਿਭਾ ਸਕਦੀ ਹੈ। ਇਸੇ ਕਰ ਕੇ ਲੋਕੀਂ ਤੇਰੀ ਜ਼ਾਤ 'ਤੇ ਇਤਬਾਰ ਨਹੀਂ ਕਰਦੇ। ਪਰ ਤੂੰ ਤਾਂ ਮੇਰਾ ਮਿੱਤਰ ਹੈਂ ਤੇ ਮੈਨੂੰ ਤੇਰੇ 'ਤੇ ਪੂਰਾ ਇਤਬਾਰ ਹੈ।'

ਸਪੋਲੀਏ ਨੇ ਅੱਗੋਂ ਪੁੱਛਿਆ, 'ਤੂੰ ਇਹ ਗੱਲ ਕਿਵੇਂ ਕਹਿ ਸਕਦਾ ਹੈਂ?'

ਲੜਕੇ ਨੇ ਸਪੋਲੀਏ ਨੂੰ ਇਕ ਬੀਤੀ ਘਟਨਾ ਸੁਣਾਉਣੀ ਸ਼ੁਰੂ ਕਰ ਦਿਤੀ :

'ਇਕ ਵੇਰ ਇਕ ਕਿਸਾਨ ਇਕ ਜੰਗਲ ਵਿਚੋਂ ਲੰਘਿਆ ਜਾ ਰਿਹਾ ਸੀ। ਰਸਤੇ ਵਿਚ ਇਕ ਝਾੜੀ ਨੇੜੇ ਇਕ ਸੱਪ ਸੁੰਗੜਿਆ ਪਿਆ ਸੀ। ਸਰਦੀ ਦਾ ਮੌਸਮ ਸੀ ਤੇ ਠੰਢ ਨਾਲ ਸੱਪ ਮਰਦਾ ਜਾ ਰਿਹਾ ਸੀ। ਕਿਸਾਨ ਨੂੰ ਉਸ 'ਤੇ ਤਰਸ ਆਇਆ। ਉਸ ਨੇ ਹੌਂਸਲਾ ਕਰ ਕੇ ਸੱਪ ਨੂੰ ਪੋਲੇ ਜਿਹੇ ਚੁੱਕ ਲਿਆ। ਸੱਪ ਨੂੰ ਨਿੱਘ ਦੇਣ ਲਈ ਕਿਸਾਨ ਨੇ ਉਸ ਨੂੰ ਆਪਣੀ ਕੰਬਲੀ ਨਾਲ ਲਕੋ ਕੇ ਆਪਣੀ ਛਾਤੀ ਨਾਲ ਲਾ ਲਿਆ। ਕਿਸਾਨ ਆਪਣੇ ਰਾਹ ਤੁਰਦਾ ਰਿਹਾ। ਕੁਝ ਚਿਰ ਪਿੱਛੋਂ ਸੱਪ ਨੂੰ ਹੋਸ਼ ਆ ਗਈ। ਤੇ ਉਸ ਨੇ ਕਿਸਾਨ ਨੂੰ ਡੰਗ ਦਿਤਾ। ਤੁਰਦਾ-ਤੁਰਦਾ ਕਿਸਾਨ ਇਕੋ ਚੀਕ ਨਾਲ ਜਾਨ ਦੇ ਬੈਠਾ ਤੇ ਸੱਪ ਥੱਲੇ ਡਿਗਦਿਆਂ ਹੀ ਭੱਜ ਨੱਸਿਆ।

ਸਪੋਲੀਏ ਨੇ ਕਹਾਣੀ ਸੁਣ ਕੇ ਬੜੀ ਚਲਾਕੀ ਨਾਲ ਉੱਤਰ ਦਿਤਾ, 'ਉਹ ਕਿਸਾਨ ਰਹਿਮ-ਦਿਲ ਨਹੀਂ ਹੋਵੇਗਾ। ਉਸ ਨੇ ਤਾਂ ਇਹ ਸਮਝਿਆ ਹੋਵੇਗਾ ਕਿ ਸੱਪ ਤਾਂ ਠੰਢ ਨਾਲ ਮਰਿਆ ਹੋਇਆ ਹੈ। ਨਾਲੇ ਉਹ ਸੱਪ ਬੜਾ ਹੀ ਸੁਹਣਾ ਹੋਵੇਗਾ ਤੇ ਚਮਕੀਲਾ ਹੋਣੈ। ਲਾਲਚੀ ਕਿਸਾਨ ਨੇ ਉਸ ਦੀ ਸੁੰਦਰ ਤੇ ਕੀਮਤੀ ਕੁੰਜ ਲਾਹ ਕੇ ਵੇਚਣੀ ਹੋਵੇਗੀ ਤਦੇ ਉਸ ਨੇ ਉਸ ਨੂੰ ਚੁੱਕਿਆ ਹੋਵੇਗਾ। ਇਹ ਵੀ ਕੋਈ ਰਹਿਮ ਦਿਲੀ ਹੈ।"

ਲੜਕੇ ਤੋਂ ਇਹ ਜਵਾਬ ਸੁਣ ਕੇ ਰਿਹਾ ਨਾ ਗਿਆ। ਉਸ ਨੇ ਅੱਗੋਂ ਕਿਹਾ, 'ਤੇਰੇ ਵਰਗੇ ਇੰਜ ਹੀ ਸੋਚਦੇ ਹੋਣੇ। ਉਹ ਨਾਸ਼ੁਕਰਾ ਸੱਪ ਵੀ ਅਜਿਹਾ ਹੀ ਸੀ। ਪਰ ਸਾਡੇ ਬਜ਼ੁਰਗ ਤਾਂ ਇਹ ਸਿੱਖਿਆ ਦੇਂਦੇ ਹਨ

ਕਿ ਕਰ ਭਲਾ ਹੋ ਭਲਾ। ਕਿਸੇ ਦਾ ਅਹਿਸਾਨ ਭੁੱਲਣਾ ਇਕ ਪਾਪ ਹੈ। ਲੋੜਵੰਦ ਦੀ ਸਹਾਇਤਾ ਕਰਨਾ ਹੀ ਅਸਲ ਧਰਮ ਹੈ।'

ਲੜਕੇ ਦੇ ਇਹ ਵਿਚਾਰ ਸੁਣ ਕੇ ਸ਼ਰਮਿੰਦਾ ਹੋਇਆ ਸਪੋਲੀਆ ਇਕ ਖੁੱਡ ਵਿਚ ਜਾ ਵੜਿਆ।

**





# 4 ਕੰਮ ਤੇ ਭਗਤੀ

ਇਕ ਵੇਰ, ਇਕ ਸਾਧੂ ਕੋਲ ਦੋ ਸ਼ਰਧਾਲੂ ਆਏ। 'ਗੁਰੂ ਦੇਵ, ਸਾਨੂੰ ਸਿੱਖਿਆ ਦਿਓ', ਸ਼ਰਧਾਲੂਆਂ ਨੇ ਬੇਨਤੀ ਕਰਦਿਆਂ ਕਿਹਾ।

ਸਾਧੂ ਨੇ ਦੋਵੇਂ ਸ਼ਰਧਾਲੂਆਂ ਨੂੰ ਸਿੱਖਿਆ ਦੇ ਕੇ ਤੋਰ ਦਿਤਾ।

ਕੁਝ ਸਮਾਂ ਬੀਤਣ ਪਿੱਛੋਂ, ਉਹ ਦੋਵੇਂ ਸ਼ਰਧਾਲੂ ਉਸ ਸਾਧੂ ਕੋਲ ਫੇਰ ਆਏ। ਸਾਧੂ ਨੇ ਇਕ ਸ਼ਰਧਾਲੂ ਨੂੰ ਪੁੱਛਿਆ, 'ਭਗਤਾ, ਤੂੰ ਸਿੱਖਿਆ 'ਤੇ ਅਮਲ ਕੀਤਾ ਹੈ ?'

ਸ਼ਰਧਾਲੂ ਨੇ ਬੜੇ ਮਾਣ ਨਾਲ ਕਿਹਾ, 'ਐ ਗੁਰੂ ਦੇਵ, ਮੈਂ ਤਾਂ ਹਰ ਰੋਜ਼ ਧਿਆਨ ਚਿੱਤ ਬਹਿ ਕੇ ਮਾਲਾ ਫੇਰਦਾ ਰਹਿੰਦਾ ਹਾਂ। ਮਾਲਾ ਫੇਰਨ ਨਾਲ ਹੀ ਤਾਂ ਭਗਤੀ ਹੋ ਸਕਦੀ ਹੈ। ਹੋਰ ਕੀ ਕਰਨਾ।'

ਸਾਧੂ ਨੇ ਫਿਰ ਦੂਜੇ ਸ਼ਰਧਾਲੂ ਨੂੰ ਪੁੱਛਿਆ, 'ਭਗਤਾ, ਤੂੰ ਕੀ ਕਰਦਾ ਹੁੰਦੈ ?'

ਦੂਜਾ ਸ਼ਰਧਾਲੂ ਝਿਜਕਦਾ ਝਿਜਕਦਾ ਕਹਿਣ ਲੱਗਾ, 'ਐ ਗੁਰੂ ਜੀ, ਮੈਨੂੰ ਤਾਂ ਸਵੇਰੇ-ਸਵੇਰੇ ਥੋੜ੍ਹਾ ਜਿਹਾ ਸਮਾਂ ਮਿਲ ਜਾਂਦਾ ਹੈ ਤੇ ਰੱਬ ਦਾ ਸ਼ੁਕਰ ਕਰ ਲਈਦਾ ਹੈ। ਫਿਰ ਸਾਰਾ ਦਿਨ ਖੇਤਾਂ ਵਿਚ ਕੰਮ ਕਰਦੇ ਰਹੀਦਾ ਹੈ। ਵਿਹਲ ਹੀ ਨਹੀਂ ਮਿਲਦੀ। ਜਦੋਂ ਕੁਝ ਪਲ ਆਰਾਮ ਦੇ ਮਿਲਦੇ ਹਨ ਤਾਂ ਨੀਲੀ ਛਤਰੀ ਵਾਲੇ ਨੂੰ ਯਾਦ ਕਰ ਛੱਡੀਦੈ।'


ਸਾਧੂ ਨੇ ਇਕ ਪਲ ਦੋਵਾਂ ਸ਼ਰਧਾਲੂਆਂ ਵੱਲ ਤੱਕਿਆ।

ਕੁਝ ਚਿਰ ਪਿਛੋਂ ਸੋਚ ਕੇ ਉਸ ਨੇ ਪਹਿਲੇ ਸ਼ਰਧਾਲੂ ਦੀ ਹਥੇਲੀ 'ਤੇ ਦੁੱਧ ਨਾਲ ਭਰੀ ਇਕ ਕਟੋਰੀ ਰਖਦਿਆਂ, ਉਸ ਨੂੰ ਕਿਹਾ, 'ਔਹ ਪਹਾੜੀ ਦੁਆਲੇ ਇਕ ਚੱਕਰ ਕੱਟ ਕੇ ਆਓ। ਪਰ ਇਹ ਖਿਆਲ ਰੱਖੀਂ ਕਿ ਕਟੋਰੀ 'ਚੋਂ ਦੁੱਧ ਦੀ ਇਕ ਬੂੰਦ ਵੀ ਨਾ ਡੁੱਲ੍ਹੇ।'

ਕੁਝ ਚਿਰ ਪਿੱਛੋਂ ਉਹ ਸ਼ਰਧਾਲੂ ਪਹਾੜੀ ਦਾ ਚੱਕਰ ਕੱਟ ਕੇ ਸਾਧੂ ਅੱਗੇ ਆ ਹਾਜ਼ਰ ਹੋਇਆ।

ਸਾਧੂ ਨੇ ਉਸ ਨੂੰ ਪ੍ਰਸ਼ਨ ਕੀਤਾ, 'ਭਗਤਾ, ਚੱਕਰ ਕਟਦੇ ਸਮੇਂ ਤੂੰ ਰੱਬ ਦਾ ਨਾਂ ਕਿੰਨੀ ਕੁ ਵਾਰ ਲਿਆ ਸੀ। ਰੱਬ ਨੂੰ ਯਾਦ ਵੀ ਰੱਖਿਆ ਕਿ ਨਹੀਂ ?'

ਸ਼ਰਧਾਲੂ ਸ਼ਰਮਿੰਦਾ ਜਿਹਾ ਹੋ ਕੇ ਬੋਲਿਆ, 'ਗੁਰੂ ਜੀ, ਮੈਨੂੰ ਤਾਂ ਇਹੋ ਚਿੰਤਾ ਲੱਗੀ ਰਹੀ ਕਿ ਕਟੋਰੀ 'ਚੋਂ ਦੁੱਧ ਡੁੱਲ੍ਹ ਨਾ ਜਾਵੇ। ਮੈਂ ਤਾਂ ਕਟੋਰੀ ਵੱਲ ਹੀ ਤੱਕਦਾ ਰਿਹਾ, ਰੱਬ ਨੂੰ ਯਾਦ ਕਰਨਾ ਤਾਂ ਮੈਂ ਭੁੱਲ ਹੀ ਗਿਆ।'




ਇਹ ਸੁਣ ਕੇ ਸਾਧੂ ਮੁਸਕਰਾ ਪਿਆ।

'ਬੱਸ, ਤੂੰ ਤਾਂ ਮੇਰੀ ਸਿੱਖਿਆ ਉੱਤੇ ਅਮਲ ਹੀ ਨਹੀਂ ਕੀਤਾ। ਕੰਮ ਬਿਨਾਂ ਬੰਦਾ ਕਿਸ ਕੰਮ। ਸਭ ਜੱਗ ਰੱਬ ਨੇ ਧੰਦੜੇ ਲਾਇਆ ਹੋਇਆ ਹੈ। ਤਦੇ ਤਾਂ ਸਾਰਾ ਸੰਸਾਰ ਗਤੀਸ਼ੀਲ ਹੈ।'

ਹੁਣ ਸ਼ਰਧਾਲੂ ਨੂੰ ਸਮਝ ਆ ਗਈ ਕਿ ਕੰਮ ਹੀ ਅਸਲ ਭਗਤੀ ਹੈ। ਸਾਰੀ ਸ੍ਰਿਸ਼ਟੀ ਨਿਯਮਾਂ 'ਚ ਬੱਝੀ ਹੀ ਚੱਲ ਰਹੀ ਹੈ। ਹਰ ਕੋਈ ਆਪਣਾ-ਆਪਣਾ ਕਰਤੱਵ ਨਿਭਾ ਰਿਹਾ ਹੈ। ਇਸੇ ਨਾਲ ਜੀਵਨ ਹੈ।

ਸਾਧੂ ਦੀ ਸਿਆਣਪ ਸਮਝ, ਸ਼ਰਧਾਲੂ ਉਸ ਦੇ ਚਰਨੀਂ ਢਹਿ ਪਿਆ।



5

# ਮਿੱਟੀ ਨਾਲੋਂ ਜਬਰ ਭਾਰੀ

ਪੁਰਾਣੇ ਸਮਿਆਂ ਦੀ ਗੱਲ ਹੈ, ਖ਼ਲੀਫਾ ਨਾਂ ਦਾ ਇਕ ਬਾਦਸ਼ਾਹ ਹੁੰਦਾ ਸੀ। ਉਸ ਨੂੰ ਸ਼ਾਨ-ਸ਼ੌਕਤ ਨਾਲ ਰਹਿਣ ਦਾ ਬਹੁਤ ਸ਼ੌਕ ਸੀ। ਉਹ ਚਾਹੁੰਦਾ ਸੀ ਕਿ ਉਸ ਦੀ ਅਮੀਰੀ ਦੀਆਂ ਧੁੰਮਾਂ ਦੂਰ-ਦੂਰ ਤਕ ਪੈ ਜਾਣ।

ਇਕ ਵੇਰ ਉਸ ਨੇ ਆਪਣੇ ਮਹਿਲਾਂ, ਬਾਗਾਂ ਤੇ ਸ਼ਹਿਰ ਨੂੰ ਹੋਰ ਸੁੰਦਰ ਬਣਾਉਣਾ ਚਾਹਿਆ। ਉਸ ਨੇ ਆਪਣੇ ਮਹਿਲਾਂ ਦੇ ਨੇੜੇ ਵਸਦੇ ਗਰੀਬ ਲੋਕਾਂ ਦੇ ਮਕਾਨਾਂ ਦੀ ਥਾਂ ਖਰੀਦ ਕੇ ਉਨ੍ਹਾਂ ਦੀ ਕੀਮਤ ਦੇਣੀ ਸ਼ੁਰੂ ਕਰ ਦਿੱਤੀ। ਲੋਕਾਂ ਦੇ ਕੱਚੇ ਮਕਾਨ ਉਸ ਨੂੰ ਕੋਝੇ ਲੱਗਣ ਲੱਗ ਪਏ। ਗਰੀਬ ਲੋਕਾਂ ਦੇ ਮਕਾਨ ਤਾਂ ਉਸ ਨੂੰ ਬਿਲਕੁਲ ਹੀ ਅੱਖੀਂ ਨਾ ਭੌਂਦੇ।

ਬਾਦਸ਼ਾਹ ਨੇ ਨੌਕਰਾਂ ਨੂੰ ਧਨ ਦੇ ਕੇ ਲੋਕਾਂ ਦੇ ਮਕਾਨ ਢਾਉਣੇ ਸ਼ੁਰੂ ਕਰ ਦਿਤੇ। ਬਾਦਸ਼ਾਹ ਦੇ ਹੁਕਮ ਅੱਗੇ ਗਰੀਬ ਪਰਜਾ ਕੀ ਕਰ ਸਕਦੀ ਸੀ। ਮਕਾਨ ਢੱਠਦੇ ਗਏ ਤੇ ਲੋਕ ਚੁੱਪ-ਚਾਪ ਅੱਥਰੂ ਕੇਰਦੇ ਰਹੇ।

ਇਕ ਦਿਨ ਇਕ ਗਰੀਬ ਵਿਧਵਾ ਔਰਤ ਦਾ ਮਕਾਨ ਢਾਹੁਣ ਦੀ ਵਾਰੀ ਆ ਗਈ। ਨੌਕਰ ਹੁਕਮਾਂ ਦੀ ਪਾਲਣਾ ਮੰਨ ਕੇ ਉਸ ਵਿਧਵਾ ਔਰਤ ਦੇ ਘਰ ਅੱਗੇ ਆ ਖਲੋਏ ਤੇ ਔਰਤ ਦੇ ਮਕਾਨ ਦੀ ਕੀਮਤ ਪੇਸ਼ ਕੀਤੀ। ਉਹ ਔਰਤ ਕਿਸੇ ਵੀ ਮੁੱਲ 'ਤੇ ਆਪਣੇ ਬਜ਼ੁਰਗਾਂ ਦੀ ਜਾਇਦਾਦ ਦੀ ਨਿਸ਼ਾਨੀ ਨਾਸ਼ ਹੁੰਦਿਆਂ ਵੇਖਣੀ ਨਹੀਂ ਸੀ ਚਾਹੁੰਦੀ। ਉਸ ਨੇ ਨੌਕਰਾਂ ਅੱਗੇ ਬੜੇ ਤਰਲੇ ਕੀਤੇ ਪਰ ਗਰੀਬ ਔਰਤ ਦੀ ਕੌਣ ਸੁਣਦਾ।

ਬਾਦਸ਼ਾਹ ਦੇ ਨੌਕਰਾਂ ਨੇ ਜਬਰੀ ਉਸ ਔਰਤ ਦਾ ਮਕਾਨ ਢਾਹ ਦਿਤਾ ਤੇ ਵਿਚਾਰੀ ਬੁੱਢੀ ਔਰਤ ਰੋਣ ਤੋਂ ਸਿਵਾ ਕੁਝ ਨਾ ਕਰ ਸਕੀ।

ਆਖ਼ਰ ਉਹ ਔਰਤ ਰੋਂਦੀ ਕੁਰਲਾਂਦੀ ਬਾਦਸ਼ਾਹ ਦੇ ਕਾਜ਼ੀ (ਜੱਜ) ਕੋਲ ਫਰਿਆਦ ਕਰਨ ਚਲੀ ਗਈ। ਉਸ ਨੇ ਆਪਣੇ ਦਰਦ ਦੀ ਕਹਾਣੀ ਕਹਿ ਸੁਣਾਈ। ਕਾਜ਼ੀ ਨੂੰ ਵਿਧਵਾ ਔਰਤ ਨਾਲ ਹੋਈ ਬੇਇਨਸਾਫ਼ੀ ਉੱਤੇ ਤਰਸ ਆਇਆ। ਗੱਲ ਠੀਕ ਸੀ ਕਿ ਕੋਈ ਕਿਸੇ ਦੇ ਘਰ ਨੂੰ ਜਬਰੀ ਕਿਉਂ ਢਾਹੇ ? ਕਾਜ਼ੀ ਇਨਸਾਫ਼ ਕਰਨਾ ਚਾਹੁੰਦਾ ਹੋਇਆ ਵੀ ਬੇਵਸ ਸੀ ਪਰ ਬਾਦਸ਼ਾਹ ਦੇ ਹੁਕਮਾਂ ਦੀ ਨਿਖੇਧੀ ਕੌਣ ਕਰੇ ?

ਸੋਚ ਸੋਚ ਕੇ ਕਾਜ਼ੀ ਨੇ ਵਿਧਵਾ ਔਰਤ ਨੂੰ ਖ਼ੁਦਾ 'ਤੇ ਭਰੋਸਾ ਰੱਖਣ ਲਈ ਧਰਵਾਸ ਦੇ ਕੇ ਉਥੋਂ ਭੇਜ ਦਿਤਾ।

ਕਾਜ਼ੀ ਬਹੁਤ ਸੂਝਵਾਨ ਸੀ। ਉਸ ਨੂੰ ਇਕ ਤਰਕੀਬ ਸੁੱਝੀ।

ਇਕ ਦਿਨ ਕਾਜ਼ੀ ਇਕ ਖੋਤਾ ਤੇ ਇਕ ਖਾਲੀ ਬੋਰਾ ਲੈ ਕੇ ਬਾਦਸ਼ਾਹ ਦੀ ਨਵੀਂ ਉਸਰ ਰਹੀ ਇਮਾਰਤ ਵੱਲ ਚੱਲ ਪਿਆ। ਬਾਦਸ਼ਾਹ ਵੇਖ ਕੇ ਹੈਰਾਨ ਹੋਇਆ। ਕਾਜ਼ੀ ਨੇ ਬਾਦਸ਼ਾਹ ਅੱਗੇ ਸਤਿਕਾਰ ਨਾਲ ਸਿਰ ਝੁਕਾਇਆ ਤੇ ਬੇਨਤੀ ਕੀਤੀ, "ਬਾਦਸ਼ਾਹ ਸਲਾਮਤ! ਮੈਨੂੰ ਇਸ ਮਿੱਟੀ ਦੇ ਢੇਰ ਵਿਚੋਂ ਇਕ ਬੋਰਾ ਮਿੱਟੀ ਚਾਹੀਦੀ ਹੈ। ਜੇ ਆਗਿਆ ਹੋਵੇ ਤਾਂ ਲੈ ਲਵਾਂ?"

ਬਾਦਸ਼ਾਹ ਨੇ ਆਗਿਆ ਦੇ ਦਿੱਤੀ। ਕਾਜ਼ੀ ਨੇ ਖੋਤੇ 'ਤੇ ਬੋਰਾ ਲੱਦਣ ਲਈ ਬੜੀ ਨਿਮਰਤਾ ਨਾਲ ਬਾਦਸ਼ਾਹ ਤੋਂ ਮਦਦ ਮੰਗੀ। ਬਾਦਸ਼ਾਹ ਨੇ ਗੰਭੀਰ ਹੁੰਦਿਆਂ, ਬੋਰੇ ਨੂੰ ਹੱਥ ਪੁਆਉਣ ਦੀ ਕੋਸ਼ਿਸ਼ ਕੀਤੀ।



ਦੋਵਾਂ ਤੋਂ ਬੋਰਾ ਚੁੱਕਣਾ ਮੁਹਾਲ ਹੋ ਗਿਆ।

ਬਾਦਸ਼ਾਹ ਨੇ ਹੈਰਾਨ ਹੋ ਕੇ ਕਿਹਾ, 'ਹੈਂ ! ਇਹ ਮਿੱਟੀ ਦਾ ਬੋਰਾ ਤਾਂ ਬਹੁਤ ਭਾਰੀ ਹੋ ਗਿਆ ਹੈ।'

ਕਾਜ਼ੀ ਨੇ ਮੌਕਾ ਤਾੜਦੇ ਹੋਏ ਬੜੀ ਹਲੀਮੀ ਨਾਲ ਕਿਹਾ, 'ਐ ਬਾਦਸ਼ਾਹ ਸਲਾਮਤ, ਤੁਹਾਨੂੰ ਇਸ ਬੋਰੇ ਦੀ ਮਿੱਟੀ ਦਾ ਵਜ਼ਨ ਬਹੁਤ ਭਾਰੀ ਲੱਗਿਆ ਹੈ। ਪਰ ਅੱਲਾ ਦੀ ਦਰਗਾਹ ਵਿਚ, ਲੋਕਾਂ ਦੀ ਖੋਹੀ ਜ਼ਮੀਨ ਦਾ ਭਾਰ ਜਦੋਂ ਨਿਆਂ ਕਰਨ ਵਾਲਾ ਕਾਜ਼ੀ ਤੁਹਾਡੇ ਮੋਢਿਆਂ ਉੱਤੇ ਰੱਖੇਗਾ ਤਾਂ ਤੁਸੀਂ ਉਸ ਨੂੰ ਕਿਵੇਂ ਚੁੱਕ ਸਕੋਗੇ ?ਜਬਰ ਦਾ ਭਾਰ ਤਾਂ ਇਸ ਮਿੱਟੀ ਦੇ ਭਾਰ ਨਾਲੋਂ ਕਿਤੇ ਵੱਧ ਹੋਵੇਗਾ। ਲੋਕਾਂ ਦੀਆਂ ਪੀੜਾਂ ਦਾ ਦਰਦ ਕੁਰਲਾ ਰਿਹਾ ਹੋਰ ਵੀ ਭਾਰ ਵਧਾ ਦੇਵੇਗਾ।'

ਇਹ ਸੁਣ ਕੇ ਬਾਦਸ਼ਾਹ ਬਹੁਤ ਹੈਰਾਨ ਹੋਇਆ। ਉਸ ਦਾ ਮਨ ਝੰਜੋੜਿਆ ਗਿਆ। ਉਸ ਨੂੰ ਕਾਜ਼ੀ ਦੀ ਅਕਲ ਅਤੇ ਦਲੇਰੀ ਬਹੁਤ ਚੰਗੀ ਲੱਗੀ। ਉਸ ਨੂੰ ਵਿਧਵਾ ਔਰਤ ਦੀ ਫਰਿਆਦ ਯਾਦ ਆ ਗਈ। ਉਸ ਨੇ ਤੁਰੰਤ ਹੁਕਮ ਦਿਤਾ ਕਿ ਉਸ ਔਰਤ ਨੂੰ ਨਵੀਂ ਇਮਾਰਤ ਵਾਲੀ ਥਾਂ ਸਮੇਤ ਉਸ ਦੀ ਸਾਰੀ ਜ਼ਮੀਨ ਮੋੜ ਦਿਤੀ ਜਾਵੇ ਤੇ ਉਸ ਨੂੰ ਉਸ ਵਿਚ ਰਹਿਣ ਦੀ ਆਗਿਆ ਦੇ ਦਿਤੀ ਜਾਵੇ।

ਵਿਧਵਾ ਔਰਤ ਨੇ ਕਾਜ਼ੀ ਦੇ ਇਨਸਾਫ਼ ਨੂੰ ਫੁੱਲ ਚੜ੍ਹਾਉਂਦਿਆਂ ਖ਼ੁਦਾ ਦਾ ਸ਼ੁਕਰ ਕੀਤਾ।

xxxxx



# 6 ਦਿਆਲੂ ਤੀਰਥ ਯਾਤਰੀ

ਪੁਰਾਣੇ ਸਮਿਆਂ ਦੀ ਗੱਲ ਹੈ। ਇਕ ਪਹਾੜੀ ਦੇਸ਼ ਵਿਚ ਬੜੀ ਉੱਚੀ ਥਾਂ 'ਤੇ ਇਕ ਬਹੁਤ ਮਸ਼ਹੂਰ ਪ੍ਰਭੂ-ਮੰਦਰ ਹੁੰਦਾ ਸੀ। ਲੋਕਾਂ ਵਿਚ ਉਸ ਮੰਦਰ ਦੀ ਬਹੁਤ ਸ਼ਰਧਾ ਸੀ। ਆਪਣੇ ਜੀਵਨ ਵਿਚ ਉਸ ਮੰਦਰ ਦੇ ਦਰਸ਼ਨ ਕਰਨਾ ਸੁਭਾਗ ਸਮਝਿਆ ਜਾਂਦਾ ਸੀ।

ਇਕ ਵੇਰ ਕੁਝ ਤੀਰਥ-ਯਾਤਰੀ ਉਸ ਪ੍ਰਭੂ-ਮੰਦਰ ਦੀ ਤੀਰਥ-ਯਾਤਰਾ 'ਤੇ ਜਾ ਰਹੇ ਸਨ। ਉਨ੍ਹਾਂ ਯਾਤਰੀਆਂ ਵਿਚ ਇਕ 'ਗੋਪਾਲ-ਅਦਿੱਗ' ਨਾਂ ਦਾ ਸ਼ਰਧਾਲੂ ਵੀ ਸੀ। ਯਾਤਰੀਆਂ ਦੇ ਟੋਲੇ ਵਿਚ ਇਕ ਬੁੱਢੀ ਔਰਤ ਵੀ ਸੀ। ਉਸ ਦੇ ਕੋਲ ਇਕ ਸੜਿਆ ਹੋਇਆ ਕੱਦੂ ਚੁੱਕਿਆ ਹੋਇਆ ਸੀ। ਵੇਖਣ ਨੂੰ ਉਹ ਬੁੱਢੀ ਬਹੁਤ ਗਰੀਬ ਜਾਪਦੀ ਸੀ। ਨਿਤਾਣੀ ਤੇ ਨਿਮਾਣੀ ਜਿਹੀ।

ਗੋਪਾਲ ਅਦਿੱਗ ਨੇ ਉਸ ਬੁੱਢੀ ਵੱਲ ਤੱਕਦਿਆਂ ਪੁੱਛਿਆ, 'ਐ ਮਾਤਾ, ਤੂੰ ਇਹ ਗਲਿਆ ਸੜਿਆ ਕੱਦੂ ਕਿਉਂ ਚੁਕਿਆ ਹੋਇਆ ਹੈ। ਇਹ ਤਾਂ ਰਿੰਨ੍ਹ ਕੇ ਖਾਣ ਦੇ ਯੋਗ ਵੀ ਨਹੀਂ।' ਬੁੱਢੀ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਕਹਿਣ ਲੱਗੀ, 'ਐ ਪੁੱਤਰ, ਮੈਂ ਕੀ ਕਰ ਸਕਦੀ ਹਾਂ? ਮੇਰੀਆਂ ਤਿੰਨ ਧੀਆਂ ਹਨ। ਉਹ ਤਿੰਨ ਦਿਨਾਂ ਤੋਂ ਘਰ ਭੁੱਖਣ ਭਾਣੀਆਂ ਹਨ। ਮੈਂ ਇਹ ਕੱਦੂ ਉਬਾਲ ਕੇ ਉਨ੍ਹਾਂ ਦੀ ਭੁੱਖ ਮਿਟਾਉਣ ਦੀ ਕੋਸ਼ਿਸ਼ ਕਰਾਂਗੀ। ਮੇਰੇ ਕੋਲ ਉਨ੍ਹਾਂ ਨੂੰ ਖਵਾਉਣ ਲਈ ਕੁਝ ਨਹੀਂ। ਮੈਂ ਬਹੁਤ ਗਰੀਬ ਹਾਂ। ਮੇਰੀ ਜ਼ਿੰਦਗੀ ਮੇਰੇ ਲਈ ਭਾਰ ਬਣਦੀ ਜਾ ਰਹੀ ਹੈ। ਮੈਨੂੰ ਆਪਣੀਆਂ ਬੱਚੀਆਂ ਨੂੰ ਖਾਣ ਲਈ ਕੁਝ ਨਾ ਕੁਝ ਤਾਂ ਦੇਣਾ ਹੀ ਪਵੇਗਾ।'

ਗੋਪਾਲ ਅਦਿੱਗ ਦਾ ਦਿਲ ਪੰਘਰ ਗਿਆ। ਉਹ ਸੋਚੀਂ ਪੈ ਗਿਆ। ਉਸ ਨੇ ਬੁੱਢੀ ਨੂੰ ਕਿਹਾ, 'ਮੈਂ ਤੀਰਥ ਯਾਤਰਾ 'ਤੇ ਜਾ ਰਿਹਾ ਹਾਂ। ਪ੍ਰਭੂ-ਮੰਦਰ ਦੇ ਦਰਸ਼ਨ ਕਰਨ। ਮੇਰੇ ਕੋਲ ਕੁਝ ਪੈਸੇ ਹਨ, ਉਹ ਮੈਂ ਤੈਨੂੰ ਦੇ ਦਿੰਦਾ ਹਾਂ। ਇਨ੍ਹਾਂ ਪੈਸਿਆਂ ਨਾਲ ਤੂੰ ਆਪਣੀਆਂ ਬੇਟੀਆਂ ਲਈ ਖਾਣ ਦੀਆਂ ਵਸਤਾਂ ਖਰੀਦ ਲਈਂ ਤਾਂ ਜੋ ਉਨ੍ਹਾਂ ਦੀ ਭੁੱਖ ਦੂਰ ਕੀਤੀ ਜਾ ਸਕੇ। ਇਸ ਵੇਲੇ ਮੈਂ ਤੇਰੀ ਇਹੋ ਸਹਾਇਤਾ ਕਰ ਸਕਦਾ ਹਾਂ।'

ਗੋਪਾਲ ਦੀ ਇਹ ਗੱਲ ਸੁਣ ਕੇ ਬੁੱਢੀ ਬਹੁਤ ਪ੍ਰਸੰਨ ਹੋਈ। ਉਸ ਨੇ ਗੋਪਾਲ ਤੋਂ ਪੈਸੇ ਲਿੱਤੇ ਤੇ ਉਥੋਂ ਘਰ ਨੂੰ ਚੱਲ ਪਈ।

ਗੋਪਾਲ ਅਦਿੱਗ ਕੋਲ ਹੁਣ ਕੋਈ ਪੈਸਾ ਨਹੀਂ ਸੀ। ਉਸ ਨੇ ਆਪਣੀ ਤੀਰਥ-ਯਾਤਰਾ ਛੱਡ ਕੇ ਵਾਪਸ ਘਰ ਨੂੰ ਚਾਲੇ ਪਾ ਦਿਤੇ। ਬਾਕੀ ਦੇ ਯਾਤਰੀ ਪ੍ਰਭੂ-ਮੰਦਰ ਦੇ ਦਰਸ਼ਨਾਂ ਲਈ ਚੱਲ ਪਏ।

ਗੋਪਾਲ ਘਰ ਮੁੜ ਆਇਆ। ਰਾਤ ਹੋਈ ਤੇ ਗੋਪਾਲ ਸੌਂ ਗਿਆ।

ਉਸ ਰਾਤ, ਸੁਪਨੇ ਵਿਚ ਗੋਪਾਲ ਨੂੰ 'ਪ੍ਰਭੂ' ਨੇ ਦਰਸ਼ਨ ਦਿਤੇ। 'ਪ੍ਰਭੂ' ਨੇ ਗੋਪਾਲ ਨੂੰ ਕਿਹਾ, 'ਤੂੰ



ਜਦੋਂ ਯਾਤਰਾ 'ਤੇ ਜਾ ਰਿਹਾ ਸੀ ਤਾਂ ਮੈਂ ਇਕ ਬੁੱਢੀ ਦੇ ਰੂਪ ਵਿਚ ਤੇਰੇ ਸਾਹਮਣੇ ਪ੍ਰਗਟ ਹੋਇਆ ਸੀ। ਬਾਕੀ ਯਾਤਰੀਆਂ ਨੇ ਮੇਰੀ ਕੋਈ ਪ੍ਰਵਾਹ ਨਹੀਂ ਕੀਤੀ। ਕੇਵਲ ਤੂੰ ਹੀ ਬੁੱਢੀ ਦੀ ਦਰਦ ਕਹਾਣੀ ਸੁਣੀ। ਤੂੰ ਆਪਣੇ ਪੈਸੇ ਵੀ ਉਸ ਨੂੰ ਦੇ ਦਿਤੇ। ਤੇਰੀ ਰਹਿਮ ਦਿਲੀ ਤੀਰਥ-ਯਾਤਰਾ ਨਾਲੋਂ ਵੀ ਵਧੇਰੇ ਪੁੰਨ ਵਾਲੀ ਹੈ। ਤੂੰ ਆਪਣੀ ਤੀਰਥ-ਯਾਤਰਾ ਵੀ ਤਿਆਗ ਦਿੱਤੀ। ਤੇਰੀ ਨੇਕੀ ਤੇ ਸ਼ਰਧਾ ਤੀਰਥ-ਯਾਤਰਾ ਨਾਲੋਂ ਵੀ ਸ਼ੁਭ ਹੈ। ਪ੍ਰਭੂ ਹਰ ਥਾਂ ਹੈ। ਅਸਲ ਭਗਤੀ ਲੋੜਵੰਦਾਂ ਦੀ ਸਹਾਇਤਾ ਕਰਨਾ ਹੈ। ਉਹ ਲੋਕ ਅਗਿਆਨੀ ਹਨ ਜਿਹੜੇ ਇਹ ਸਮਝਦੇ ਹਨ ਕਿ ਪ੍ਰਭੂ ਪਵਿੱਤਰ ਮੰਦਰਾਂ ਵਿਚ ਹੀ ਹੈ। ਮੈਂ ਤੇਰੀ ਦਿਆਲਤਾ 'ਤੇ ਬਹੁਤ ਪ੍ਰਸੰਨ ਹਾਂ! ਤੂੰ ਮੇਰਾ ਸੱਚਾ ਭਗਤ ਹੈਂ। ਮੇਰੀ ਅਸ਼ੀਰਵਾਦ ਸਦਾ ਤੇਰੇ ਨਾਲ ਰਹੇਗੀ।' ਹੁਣ ਗੋਪਾਲ ਨੂੰ ਆਪਣਾ ਆਪ ਬਹੁਤ ਚੰਗਾ ਲੱਗ ਰਿਹਾ ਸੀ।

xxxxx



# 7 ਵੱਡਾ ਕੌਣ ?

ਗੱਲ ਪੁਰਾਣਿਆਂ ਸਮਿਆਂ ਦੀ ਹੈ। ਇਕ ਸ਼ਹਿਰ ਵਿਚ ਕਨਕੂ ਨਾਂ ਦਾ ਆਦਮੀ ਹੁੰਦਾ ਸੀ। ਉਹ ਹਮੇਸ਼ਾਂ ਰਾਜੇ ਦੇ ਗੁਣ ਗਾਉਂਦਾ ਰਹਿੰਦਾ। ਰਾਜੇ ਦੀ ਪ੍ਰਸ਼ੰਸਾ ਕਰਦਾ ਰਹਿੰਦਾ। ਕਨਕੂ ਕਹਿੰਦਾ ਰਹਿੰਦਾ ਕਿ ਜੇਕਰ ਰਾਜਾ ਸਾਡੀ ਦੇਖ-ਭਾਲ ਨਾ ਕਰੇ ਤਾਂ ਅਸੀਂ ਜਿਊਂਦੇ ਨਹੀਂ ਰਹਿ ਸਕਦੇ। ਰਾਜਾ ਹੀ ਸਾਡਾ ਪਾਲਕ ਹੈ। ਉਸ ਬਿਨਾਂ ਹੋਰ ਕੋਈ ਸਾਡਾ ਨਹੀਂ।

ਉਸੇ ਸ਼ਹਿਰ ਵਿਚ ਭਗਤੂ ਨਾਂ ਦਾ ਇਕ ਹੋਰ ਆਦਮੀ ਰਹਿੰਦਾ ਸੀ। ਉਹ ਹਮੇਸ਼ਾਂ ਰੱਬ ਦੇ ਗੁਣ ਗਾਉਂਦਾ ਰਹਿੰਦਾ। ਨਾਲੇ ਕੰਮ ਕਰਦਾ ਤੇ ਨਾਲੇ ਰੱਬ ਦੀ ਸ਼ਲਾਘਾ ਕਰਦਾ ਰਹਿੰਦਾ। ਜਿਵੇਂ ਉਸ ਨੇ ਰੱਬ ਨੂੰ ਆਪਣੇ ਦਿਲ ਵਿਚ ਵਸਾ ਲਿਆ ਹੋਵੇ। ਉਸ ਦਾ ਇਹ ਵਿਸ਼ਵਾਸ ਸੀ ਕਿ ਜੇਕਰ ਰੱਬ ਸਾਡੇ ਉੱਤੇ ਮਿਹਰ ਨਾ ਕਰੇ ਤਾਂ ਅਸੀਂ ਜਿਊਂਦੇ ਨਹੀਂ ਰਹਿ ਸਕਦੇ। ਉਹ ਹੀ ਸਾਡਾ ਸਿਰਜਣਹਾਰ ਹੈ ਤੇ ਉਹ ਹੀ ਸਾਡਾ ਪਾਲਣਹਾਰ।

ਇਕ ਦਿਨ ਉਸ ਸ਼ਹਿਰ ਦਾ ਰਾਜਾ ਸ਼ਹਿਰ ਦਾ ਚੱਕਰ ਕੱਟ ਰਿਹਾ ਸੀ। ਉਸ ਨੂੰ ਉਨ੍ਹਾਂ ਦੋਵੇਂ ਆਦਮੀਆਂ ਬਾਰੇ ਪਤਾ ਲੱਗਿਆ। ਲੋਕੀਂ ਉਨ੍ਹਾਂ ਆਦਮੀਆਂ ਦੀਆਂ ਗੱਲਾਂ ਕਰਦੇ ਹੁੰਦੇ ਸਨ। ਰਾਜਾ ਇਹ ਜਾਣਨਾ ਚਾਹੁੰਦਾ ਸੀ ਕਿ ਉਸ ਵਿਚ ਅਤੇ ਰੱਬ ਵਿਚ ਕੀ ਫ਼ਰਕ ਹੈ। ਅਸਲ ਮਹਾਨ ਕੌਣ ਹੈ ?ਰਾਜੇ ਦੇ ਤੌਰ 'ਤੇ ਮੈਂ ਵੱਡਾ ਹਾਂ ਕਿ ਰੱਬ ਵੱਡਾ ਹੈ।

ਰਾਜੇ ਨੇ ਨੌਕਰ ਨੂੰ ਹੁਕਮ ਦਿਤਾ ਤੇ ਬਜ਼ਾਰ 'ਚੋਂ ਇਕ ਹਦਵਾਣਾ ਮੰਗਵਾਇਆ। ਰਾਜੇ ਨੇ ਬਹੁਤ ਹੁਸ਼ਿਆਰੀ ਨਾਲ ਹਦਵਾਣੇ ਦਾ ਡੱਕ ਕੱਟ ਕੇ ਉਸ ਵਿਚ ਸੋਨੇ ਦੀਆਂ ਮੁਹਰਾਂ ਪਾ ਦਿਤੀਆਂ ਤੇ ਉਪਰੋਂ ਡੱਕ ਲਾ ਦਿਤਾ ਤਾਂ ਜੋ ਪਤਾ ਨਾ ਲੱਗ ਸਕੇ। ਹਦਵਾਣਾ ਉਪਰੋਂ ਪਹਿਲਾਂ ਵਰਗਾ ਹੀ ਜਾਪਦਾ ਸੀ। ਰਾਜੇ ਨੇ ਉਹ ਹਦਵਾਣਾ ਤੋਹਫ਼ੇ ਵਜੋਂ ਕਨਕੂ ਨੂੰ ਦੇ ਦਿਤਾ ਜੋ ਹਮੇਸ਼ਾਂ ਰਾਜੇ ਦੇ ਗੁਣ ਗਾਉਂਦਾ ਹੁੰਦਾ ਸੀ।

ਕਨਕੂ ਨੇ ਉਹ ਹਦਵਾਣਾ ਲਿੱਤਾ ਤੇ ਰਾਜੇ ਨੂੰ ਨਮਸਕਾਰ ਕੀਤੀ। ਕਨਕੂ ਸੋਚਣ ਲੱਗਾ ਕਿ ਕਿਉਂ ਨਾ ਇਹ ਹਦਵਾਣਾ ਵੇਚ ਕੇ ਪੈਸੇ ਬੋਝੇ ਪਾ ਲਵਾਂ। ਆਖ਼ਿਰ ਉਸ ਨੇ ਇਹ ਸੋਚ ਕੇ ਇਕ ਸਬਜ਼ੀ ਵਾਲੀ ਦੁਕਾਨ 'ਤੇ ਉਹ ਹਦਵਾਣਾ ਵੇਚ ਦਿਤਾ ਤੇ ਦਸ ਦਮੜੇ ਬੋਝੇ ਪਾ ਕੇ ਘਰ ਆ ਗਿਆ।

ਕੁਝ ਪਲਾਂ ਪਿੱਛੋਂ, ਉਸ ਦੁਕਾਨ ਕੋਲੋਂ ਭਗਤੂ ਲੰਘਿਆ ਜਾ ਰਿਹਾ ਸੀ। ਹਦਵਾਣਾ ਵੇਖ ਕੇ ਉਸ ਦਾ ਜੀਅ ਕੀਤਾ ਕਿ ਕਿਉਂ ਨਾ ਬੱਚਿਆਂ ਲਈ ਖਰੀਦ ਲਵਾਂ। ਮੌਸਮੀ ਫ਼ਲ ਹੈ। ਘਰ ਬੱਚਿਆਂ 'ਚ ਬੈਠ ਕੇ ਖਾਵਾਂਗਾ। ਦੁਕਾਨਦਾਰ ਤੋਂ ਹਦਵਾਣਾ ਖਰੀਦ ਕੇ ਭਗਤੂ ਘਰ ਪਹੁੰਚਿਆ। ਉਸ ਨੇ ਹਦਵਾਣਾ ਚੀਰਿਆ ਤੇ ਬੱਚਿਆਂ ਨੂੰ ਵੰਡਣ ਬਹਿ ਗਿਆ। ਹਦਵਾਣੇ ਵਿਚੋਂ ਸੋਨੇ ਦੀਆਂ ਮੁਹਰਾਂ ਛਣਕਣ ਲੱਗੀਆਂ। ਉਹ ਹੈਰਾਨ ਹੋਇਆ ਕਦੇ ਮੁਹਰਾਂ ਵੱਲ, ਕਦੇ ਹਦਵਾਣੇ ਵੱਲ, ਕਦੇ ਬੱਚਿਆਂ ਵੱਲ ਤੇ ਕਦੇ ਘਰ ਵਾਲੀ



ਵੱਲ ਤੱਕਦਾ ਰਿਹਾ। ਉਹ ਰੱਬ ਦੀ ਮਹਿਮਾ ਤੋਂ ਹੈਰਾਨ ਪ੍ਰੇਸ਼ਾਨ ਹੋ ਰਿਹਾ ਸੀ। ਉਹ ਰੱਬ ਦਾ ਵਾਰ-ਵਾਰ ਧੰਨਵਾਦ ਕਰ ਰਿਹਾ ਸੀ ਜਿਵੇਂ ਰੱਬ ਨੇ ਉਸ ਨੂੰ ਧਨ ਦਾ ਖ਼ਜ਼ਾਨਾ ਦੇ ਦਿਤਾ ਹੋਵੇ। ਉਸ ਨੂੰ ਆਪਣੀ ਭਗਤੀ ਦਾ ਫ਼ਲ ਮਿਲਿਆ ਜਾਪਿਆ।

ਅਗਲੇ ਦਿਨ ਰਾਜੇ ਨੇ ਕਨਕੂ ਤੇ ਭਗਤੂ ਨੂੰ ਆਪਣੇ ਦਰਬਾਰ ਵਿਚ ਬੁਲਾਇਆ। ਉਸ ਨੇ ਕਨਕੂ ਨੂੰ ਪੁੱਛਿਆ ਕਿ ਤੂੰ ਹਦਵਾਣੇ ਦਾ ਕੀ ਕੀਤਾ। ਕਨਕੂ ਨੇ ਉੱਤਰ ਦਿਤਾ, 'ਐ ਮਹਾਰਾਜ! ਮੈਂ ਤਾਂ ਉਹ ਹਦਵਾਣਾ ਦਸ ਦਮੜੇ ਵੱਟ ਕੇ ਇਕ ਦੁਕਾਨਦਾਰ ਨੂੰ ਵੇਚ ਦਿਤਾ ਸੀ।' ਫਿਰ ਰਾਜੇ ਨੇ ਭਗਤੂ ਨੂੰ ਪੁੱਛਿਆ, 'ਤੂੰ ਰੱਬ ਦੀ ਪ੍ਰਸ਼ੰਸਾ ਕਰਦਾ ਰਹਿੰਦਾ ਹੈਂ, ਰੱਬ ਨੇ ਤੈਨੂੰ ਕੀ ਦਿੱਤਾ।'

ਭਗਤੂ ਬੜੀ ਹਲੀਮੀ ਨਾਲ ਬੋਲਿਆ, 'ਐ ਮਹਾਰਾਜ! ਮੈਂ ਕੱਲ੍ਹ ਬਜ਼ਾਰੋਂ ਇਕ ਹਦਵਾਣਾ ਖਰੀਦਿਆ ਸੀ ਪਰੰਤੂ ਜਦੋਂ ਉਸ ਨੂੰ ਚੀਰਿਆ ਤਾਂ ਉਸ ਵਿਚੋਂ ਸੋਨੇ ਦੀਆਂ ਮੁਹਰਾਂ ਨਿਕਲੀਆਂ। ਓ ਦਾਤਾ, ਬੜਾ ਹੀ ਮਿਹਰਬਾਨ ਹੈ। ਉਸ ਦੇ ਰੰਗ ਨਿਆਰੇ ਹਨ।'


ਇਹ ਸੁਣ ਕੇ ਰਾਜਾ ਸੋਚੀਂ ਪੈ ਗਿਆ। ਉਸ ਨੂੰ ਆਪਣੇ ਸਵਾਲ ਦਾ ਉੱਤਰ ਮਿਲ ਗਿਆ ਸੀ। ਉਸ ਨੂੰ ਤਸੱਲੀ ਹੋ ਗਈ ਕਿ ਉਸ ਨਾਲੋਂ ਅਸਲ ਮਹਾਨ ਰੱਬ ਹੀ ਹੈ। ਪਰਜਾ ਦਾ ਅਸਲ ਮਾਲਕ ਅਤੇ ਪਾਲਕ ਰੱਬ ਹੀ ਹੈ। ਉਹ ਤਾਂ ਐਵੇਂ ਮਾਣ ਕਰਦਾ ਸੀ। ਉਸ ਸੂਝਵਾਨ ਰਾਜੇ ਨੇ ਕਨਕੂ ਤੇ ਭਗਤੂ ਨੂੰ ਖੁਸ਼ ਹੋ ਕੇ ਕੁਝ ਪੈਸੇ ਦਾਨ ਵਜੋਂ ਦੇ ਦਿਤੇ।

ਰਾਜਾ ਤੇ ਕਨਕੂ ਰੱਬ ਦੇ ਸ਼ਰਧਾਲੂ ਬਣ ਗਏ। ਉਨ੍ਹਾਂ ਨੂੰ ਇਹ ਸੱਚ ਹੋ ਗਿਆ ਕਿ ਰੱਬ ਹੀ ਸਭ ਤੋਂ ਵੱਡਾ ਹੈ।

**



# 8 ਮਦਰੱਸਾ



ਆਪਣੇ ਪ੍ਰਾਇਮਰੀ ਸਕੂਲ ਨੂੰ ਅਸੀਂ ਮਦਰੱਸਾ ਕਹਿੰਦੇ ਸਾਂ। ਉਸ ਮਦਰੱਸੇ ਦੀ ਪੁਰਾਣੀ ਰੂਪ-ਰੇਖਾ ਦਿਮਾਗ਼ 'ਚ ਹੁਣ ਤੱਕ ਉਕਰੀ ਹੋਈ ਹੈ। ਮਿੱਟੀ ਦੀਆਂ ਕੰਧਾਂ, ਪੱਕੀਆਂ ਇੱਟਾਂ ਦੀ ਛੱਤ, ਮਦਰੱਸੇ ਦੇ ਵਿੱਚ ਇੱਕ ਕਮਰਾ ਤੇ ਵਗਲੀ ਹੋਈ ਜਗ੍ਹਾ, ਉਸਤਾਦ ਦੇ ਰਹਿਣ ਲਈ ਬਣੀ ਹੋਈ ਸੀ। ਮਦਰੱਸੇ ਦੇ ਫ਼ਰਸ਼ ਉੱਪਰ ਹਰ ਰੋਜ਼ ਗਾਂ ਦੇ ਗੋਹੇ ਦਾ ਪੋਚਾ ਫਿਰਦਾ ਹੁੰਦਾ ਸੀ। ਗਾਵਾਂ ਦਾ ਵੱਗ ਸਕੂਲ ਦੇ ਸਾਹਮਣੇ ਇਕੱਠਾ ਹੁੰਦਾ, ਉੱਥੋਂ ਬੱਚੇ ਗਾਵਾਂ ਦਾ ਗੋਹਾ ਇਕੱਠਾ ਕਰ ਲੈਂਦੇ।

ਸਿਰ ਉੱਪਰ ਫੱਟੀ, ਬੋਰੀ, ਕਲਮ, ਦਵਾਤ, ਕਿਤਾਬਾਂ ਬੰਨ੍ਹ ਕੇ ਅਸੀਂ ਫਲ੍ਹੇ ਵਿੱਚ ਦੀ ਮਦਰੱਸੇ ਵੱਲ ਨੂੰ ਚੱਲ ਪੈਂਦੇ। ਲਿਖਣ ਲਈ ਸਿਆਹੀ ਬਦਾਮਾਂ ਦੇ ਛਿਲਕਿਆਂ ਦੀ ਬਣਾਉਂਦੇ ਜਾਂ ਮੁੱਲ ਲੈਂਦੇ। ਸਰ ਦੇ ਕਾਨੇ ਦੀ ਕਲਮ ਘੜਨੀ ਸਾਨੂੰ ਮਾਸਟਰ ਸਿਖਾਉਂਦਾ, ਕਲਮ ਘੜਨ ਦਾ ਵਲ ਅੱਜ ਵਰ੍ਹਿਆਂ ਬਾਅਦ ਵੀ ਭੁੱਲਿਆ ਨਹੀਂ। ਸਾਡਾ ਮਦਰੱਸਾ ਦੋ ਛੱਪੜਾਂ ਦੇ ਨਾਲ ਬਣਿਆ ਹੋਇਆ ਸੀ। ਛੱਪੜ ਦੇ ਕਿਨਾਰੇ 'ਤੇ ਫੱਟੀਆਂ ਪੋਚੀਆਂ ਜਾਂਦੀਆਂ। ਕਈ ਵੱਡੇ ਬੱਚੇ ਛੋਟਿਆਂ ਦੀਆਂ ਗਾਚੀਆਂ ਤੇ ਫੱਟੀਆਂ ਛੱਪੜ 'ਚ ਸੁੱਟ ਦਿੰਦੇ, ਜਿਸ ਨਾਲ ਝਗੜੇ ਹੁੰਦੇ ਸਨ।

ਮਦਰੱਸੇ ਦੇ ਨਾਲ ਗੁਰਦੁਆਰਾ ਲਗਦਾ ਸੀ। ਉੱਥੋਂ ਮੱਸਿਆ 'ਤੇ ਪ੍ਰਸ਼ਾਦ ਮਿਲਦਾ ਹੁੰਦਾ ਸੀ। ਅੰਦਰ ਭੋਰੇ ਵਿਚ ਸੰਤ ਠੰਢੀ ਥਾਂ ਬੈਠਾ ਹੁੰਦਾ। ਅਸੀਂ ਮੱਥਾ ਟੇਕਣ ਦੇ ਬਹਾਨੇ ਠੰਢ ਦਾ ਆਨੰਦ ਮਾਣਦੇ। ਭੋਰੇ ਦੇ ਹਨੇਰੇ ਵਿੱਚ ਅਨੋਖਾ ਡਰ ਤੇ ਹੈਰਾਨੀ ਰਲੀ ਹੁੰਦੀ।

ਮੈਨੂੰ ਯਾਦ ਹੈ ਕਿ ਮਦਰੱਸੇ ਦੇ ਸਾਹਮਣੇ ਇੱਕ ਵੱਡਾ ਤੇ ਉੱਚਾ ਪਿੱਪਲ ਸੀ। ਅਸੀਂ ਪਿੱਪਲ ਹੇਠ ਇਸ ਉਮੀਦ ਨਾਲ ਜਾ ਖਲੋਂਦੇ ਕਿ ਆਲ੍ਹਣੇ ਵਿੱਚੋਂ ਸੋਨੇ ਦੀ ਟੂੰਮ ਡਿੱਗੇਗੀ। ਮਾਂ ਦੱਸਦੀ ਸੀ ਇੱਕ ਇੱਲ੍ਹ ਘਰਾਂ ਵਿੱਚੋਂ ਮੱਕੀ ਦੀ ਰੋਟੀ ਤੇ ਟੂੰਮਾਂ ਚੁੱਕ ਕੇ ਲੈ ਜਾਂਦੀ ਹੈ ਪਰ ਉਹ ਸੋਨਾ ਕਦੀ ਵੀ ਡਿੱਗਿਆ ਨਹੀਂ। ਸੋਨਾ ਡਿੱਗਣ ਦੀ ਲਾਲਸਾ ਹਮੇਸ਼ਾ ਬਣੀ ਰਹਿੰਦੀ। ਬਾਅਦ 'ਚ ਇੱਲ੍ਹ ਦਾ ਕਰਜ਼ਾ ਮੈਂ ਇੱਕ ਪੇਂਟਿੰਗ ਵਿੱਚ ਪ੍ਰਤੀਕ ਦੇ ਰੂਪ 'ਚ ਵਰਤ ਕੇ ਉਤਾਰਿਆ।

ਇਸ ਤੋਂ ਅੱਗੇ, ਮਦਰੱਸੇ ਤੋਂ ਥੋੜ੍ਹੀ ਦੂਰ ਸਾਡਾ ਵਾੜਾ ਸੀ। ਵਾੜੇ ਦੀ ਕੰਧ ਘੋਨ-ਮੋਨ ਜੁਲਾਹੇ ਦੇ ਘਰ ਦੇ ਨਾਲ ਲਗਦੀ ਸੀ। ਮੈਨੂੰ ਜੁਲਾਹਾ ਹਮੇਸ਼ਾ ਅਦਭੁੱਤ ਮਨੁੱਖ ਲਗਦਾ। ਉਹ ਆਸ-ਪਾਸ ਦੇ ਲੋਕਾਂ ਲਈ ਤਵੀਤ ਕਰਦਾ ਕਈ ਵੇਰ ਉਹ ਬੀਨ ਵਜਾਉਂਦਾ ਹੁੰਦਾ। ਜੁਲਾਹੇ ਦੀ ਬੀਨ ਅੱਜ ਤੱਕ ਵੀ ਕਦੇ-ਨ-ਕਦੇ ਮੇਰੇ ਕੰਨਾਂ 'ਚ ਵੱਜਦੀ ਰਹਿੰਦੀ ਹੈ।

ਬਾਅਦ 'ਚ ਮੈਂ ਬੀਨ ਵਜਾਉਣ ਲਈ ਬੜੇ ਤਰਲੇ ਲਏ ਪਰ ਮੈਨੂੰ ਬੀਨ ਵਜਾਉਣੀ ਨਹੀਂ ਆਈ। ਇੱਕ ਜੋਗੀ ਨੇ ਕਿਹਾ ਕਿ ਅਗਰ ਤੂੰ ਬੀਨ ਸਿੱਖਣੀ ਹੈ ਤਾਂ ਮੈਨੂੰ ਘਰ-ਬਾਰ ਛੱਡਣਾ ਪਏਗਾ। ਜੋਗੀਆਂ ਦੀ ਉਸ ਬੀਨ ਨੂੰ ਫਿਰ ਮੈਂ ਪੇਂਟਿੰਗ 'ਚ ਲੈ ਕੇ ਕੈਨਵਸ ਦੇ ਰੰਗਾਂ ਵਿੱਚ ਸਮਾ ਦਿੱਤਾ।

ਵੰਡ ਸਮੇਂ 47 'ਚ ਕੁੱਲੇ ਵਾਲੇ ਉਸਤਾਦ, ਫਿਰੋਜ਼ਪੁਰ ਤੋਂ ਪਾਰ ਦੂਜੀ ਧਰਤੀ ਉੱਪਰ ਚਲੇ ਗਏ। ਉਰਦੂ ਤੇ ਸ਼ਾਹਮੁਖੀ ਲਿੱਪੀ ਸਰਹੱਦ ਪਾਰ ਚਲੀ ਗਈ। ਇੱਧਰ ਨਵੇਂ ਮਾਸਟਰ ਗੁਰਮੁੱਖੀ ਦਾ ਗਿਆਨ ਦੇਣ ਲੱਗ ਪਏ।

ਜਦੋਂ ਨਵੇਂ ਅਧਿਆਪਕ ਆਏ ਤਾਂ ਪੈਸਾ ਉਨ੍ਹਾਂ ਪਾਸ ਹੈ ਕੋਈ ਨਹੀਂ ਸੀ। ਉਹ ਸਾਥੋਂ ਦੁੱਧ,

ਕਣਕ, ਬਾਲਣ ਆਦਿ ਮੰਗਵਾਉਂਦੇ ਰਹਿੰਦੇ। ਸਾਨੂੰ ਇੱਟਾਂ ਇਕੱਠੀਆਂ ਕਰਨ ਲਾ ਦਿੰਦੇ। ਇੱਕ ਦਿਨ ਮੈਂ ਇੱਟਾਂ ਦੇ ਚੱਠੇ ਹੇਠ ਆ ਗਿਆ ਤਾਂ ਬੱਚਿਆਂ ਨੇ ਰਲ-ਮਿਲ ਕੇ ਕੱਢਿਆ।

ਸਾਡਾ ਮਦਰੱਸਾ 1885 'ਚ ਇੱਕ ਅਨਪੜ੍ਹ ਜੈਲਦਾਰ ਦੀ ਹਿੰਮਤ ਸਦਕਾ ਬਣਿਆ। ਪਹਿਲਾਂ ਜੈਲਦਾਰ ਵੱਡੀ ਸਾਰੀ ਪੱਗੜੀ ਬੰਨ੍ਹਦਾ, ਪੱਗ ਦੇ ਲੜਾਂ ਵਿੱਚ ਨਾਵਾਂ ਤੇ ਉਗਾੜ ਅਨੁਸਾਰ ਚਿੱਠੀਆਂ ਟੁੰਗ ਲੈਂਦਾ। ਘਰਾਂ ਦੇ ਅੱਗੇ ਆ ਕੇ ਪੱਗ ਦੇ ਲੜ ਖੋਲ੍ਹਦਾ, ਤੇ ਚਿੱਠੀ ਦੇ ਦਿੰਦਾ। ਇੱਕ ਦਿਨ ਅੰਗਰੇਜ਼ ਜੈਲਦਾਰ ਉੱਪਰ ਖ਼ੁਸ਼ ਹੋਇਆ ਤਾਂ ਜੈਲਦਾਰ ਨੇ ਪਿੰਡ ਲਈ ਮਦਰੱਸਾ ਮੰਗਿਆ। ਫਿਰੋਜ਼ਪੁਰ ਜ਼ਿਲ੍ਹੇ ਦਾ ਇਹ ਦੂਜਾ ਮਦਰੱਸਾ ਸੀ। ਮਦਰੱਸੇ ਦੇ ਨਾਲ ਡਾਕਖ਼ਾਨਾ ਵੀ ਦੇ ਦਿੱਤਾ। ਡਾਕਖ਼ਾਨੇ ਲਈ ਲੱਕੜ ਦੀ ਬਣੀ ਸੰਦੂਕੜੀ ਦਿੱਤੀ। ਸੰਦੂਕੜੀ ਵਿੱਚ ਮਾਸਟਰ ਟਿਕਟਾਂ ਤੇ ਮੋਹਰਾਂ ਆਦਿ ਰੱਖਦਾ। ਜਦੋਂ ਮਾਸਟਰ ਲਈ ਕੁਰਸੀ ਵਿਹੜੇ ਜਾਂ ਸਵਾਤ ਵਿੱਚ ਆਉਂਦੀ ਤਾਂ ਸੰਦੂਕੜੀ ਵੀ ਨਾਲ ਤੁਰ ਆਉਂਦੀ। ਮੈਂ ਬਾਅਦ 'ਚ ਇੱਕ ਵਾਰ ਆਪਣੇ ਪ੍ਰਾਇਮਰੀ ਸਕੂਲ ਗਿਆ ਤਾਂ ਉਸ ਸੰਦੂਕੜੀ ਬਾਰੇ ਵਿਸ਼ੇਸ਼ ਤੌਰ 'ਤੇ ਪੁੱਛਿਆ।

ਇਸ ਮਦਰੱਸੇ ਨੇ ਸਾਡੇ ਪਿੰਡ ਦੇ ਕਈ ਅਫ਼ਸਰ, ਇੰਜੀਨੀਅਰ, ਖੋਜੀ, ਸਾਇੰਸਦਾਨ, ਲਿਖਾਰੀ, ਕਲਾਕਾਰ, ਲਾਗਲੇ ਪਿੰਡਾਂ ਦੇ ਨਾਮੀ ਗੁਰਨਾਮ ਸਿੰਘ ਵਰਗੇ ਸ਼ਖਸ਼ ਪੈਦਾ ਕੀਤੇ। ਗੁਰਨਾਮ ਸਿੰਘ ਤੀਰ ਘੋੜੀ 'ਤੇ ਚੜ੍ਹ ਕੇ ਪੜ੍ਹਨ ਆਉਂਦਾ ਸੀ।

ਉਹ ਪੁਰਾਣਾ ਮਦਰੱਸਾ ਹੁਣ ਢਾਹ ਦਿੱਤਾ ਗਿਆ ਹੈ। ਮਨ 'ਤੇ ਉਕਰੀ ਉਸ ਦੀ ਤਸਵੀਰ 'ਚ ਨੀਵੀਂ ਸਰਦਲ ਮੇਰੇ ਅੰਗ-ਸੰਗ ਰਹਿੰਦੀ ਹੈ। ਉੱਚੀ-ਉੱਚੀ ਪਹਾੜੇ ਗਾਣ ਦੀਆਂ ਆਵਾਜ਼ਾਂ ਵੀ ਮੇਰੇ ਦਿਮਾਗ਼ 'ਚ ਗੂੰਜਦੀਆਂ ਰਹਿੰਦੀਆਂ ਹਨ।

ਮੈਨੂੰ ਯਾਦ ਹੈ, ਮਾਂ ਬੁੱਧਵਾਰ ਵਾਲੇ ਦਿਨ ਮੇਰੀ ਉਂਗਲ ਪਕੜ ਕੇ ਮਦਰੱਸੇ ਛੱਡ ਆਈ ਸੀ। ਮਾਸਟਰ ਨੇ 5 ਸਾਲ ਪਿੱਛੇ ਕਰ ਕੇ ਜਨਮ ਤਰੀਖ਼ ਬਣਾ ਦਿੱਤੀ। ਇਸ ਤਰ੍ਹਾਂ ਮੇਰਾ ਜਨਮ ਦਿਨ ਜੁਲਾਈ ਮਹੀਨੇ ਦਾ ਹੋ ਗਿਆ। ਦਾਖ਼ਲੇ ਤੋਂ ਬਾਅਦ ਗੁੜ ਵੰਡਿਆ ਗਿਆ। ਪਹਿਲੋ-ਪਹਿਲ ਮਾਂ, ਘੱਗਰਾ ਪਾ ਕੇ ਮੈਨੂੰ ਸਕੂਲ ਛੱਡ ਆਉਂਦੀ ਸੀ। ਫਿਰ ਕਈ ਦਿਨਾਂ ਬਾਅਦ ਮੈਂ ਆਪਣੇ ਆਪ ਜਾਣਾ ਸ਼ੁਰੂ ਕਰ ਦਿੱਤਾ। ਇਹ ਪੜ੍ਹਾਈ ਸਾਡੇ ਟੱਬਰ 'ਚ ਇਸ ਕਰ ਕੇ ਆਈ ਕਿਉਂਜੋ ਪੰਡਤਾਂ ਦੇ ਟੱਬਰ ਦੀ ਅੰਮਾ ਮੇਰੀ ਮਾਂ ਦੀ ਸਹੇਲੀ ਸੀ। ਉਹ ਸਾਰਾ ਟੱਬਰ ਪੜ੍ਹਿਆ ਲਿਖਿਆ ਸੀ। ਮੇਰੀ ਮਾਂ ਨੂੰ ਵੀ ਆਪਣੇ ਬੱਚੇ ਪੜ੍ਹਾਉਣ ਦਾ ਸ਼ੌਂਕ ਜਾਗਿਆ। ਸਾਨੂੰ ਔਖੇ ਦਿਨਾਂ 'ਚ ਮਾਂ ਨੇ ਪੜ੍ਹਾਇਆ।

ਮਿਡਲ ਸਕੂਲ ਕਈ ਪਿੰਡਾਂ ਦਾ ਸਾਂਝਾ ਸੀ। ਅਸੀਂ ਪੈਦਲ ਜਾਂਦੇ। ਤੱਤੀ ਰੇਤ ਤੇ ਚਲਦਿਆਂ ਪੈਰ ਝੁਲਸੇ ਜਾਂਦੇ। ਗਰਮੀ ਨਾਲ ਮੂੰਹ ਲਾਲ ਹੋ ਜਾਂਦੇ। ਮੁੰਡੇ ਕਾਫ਼ਲੇ ਦੀ ਤਰ੍ਹਾਂ ਸਕੂਲ ਨੂੰ ਤੁਰਦੇ, ਨਾਲ-ਨਾਲ ਕੁੱਤਿਆਂ ਦਾ ਝੁੰਡ ਵੀ ਤੁਰਦਾ। ਰਾਹ ਵਿਚ ਵੱਡੇ ਮੁੰਡੇ ਛੋਟਿਆਂ ਨੂੰ ਬਿਨਾਂ ਕਸੂਰ ਤੋਂ ਕੁੱਟਦੇ। ਰਸਤੇ 'ਚ ਅਸੀਂ ਵਣਾਂ ਹੇਠ ਤੋਂ ਪੀਲਾ ਖਾਂਦੇ ਤੇ ਛਾਂਵੇ ਬੈਠ ਕੇ 47 ਵੇਲੇ 'ਅੰਮ੍ਰਿਤਾ ਪ੍ਰੀਤਮ' ਦੀ ਲਿਖੀ ਕਵਿਤਾ 'ਅੱਜ ਆਖਾਂ ਵਾਰੇ ਸ਼ਾਹ ਨੂੰ' ਸੁਣਦੇ।

ਜਦ ਕਾਲੀਆਂ ਘਟਾਵਾਂ ਮੀਂਹ ਤੋਂ ਪਹਿਲਾਂ ਆਉਂਦੀਆਂ ਤਾਂ ਅਸੀਂ ਮੋਰਾਂ ਨੂੰ ਪੈਲਾਂ ਪਾਉਂਦੇ ਦੇਖਦੇ। ਪਿੰਡ ਨੂੰ ਤੁਰਦੇ-ਤੁਰਦੇ ਧੁੱਖਦੇ ਸਿਵਿਆਂ ਵਿੱਚ ਦੀ ਹੁੰਦੇ ਹੋਏ ਮੱਚਦੀ ਅੱਗ ਦੇਖਦੇ ਹੈਰਾਨ ਹੁੰਦੇ।

ਇਹ ਦਿਮਾਗ਼ 'ਤੇ ਉਕਰੇ ਸਾਰੇ ਨਿਸ਼ਾਨ ਬਾਅਦ 'ਚ ਕੈਨਵਸ ਦਾ ਹਿੱਸਾ ਬਣਦੇ ਰਹੇ।

ਸੱਤਵੀਂ 'ਚ ਮੈਂ ਬਿਮਾਰੀ ਕਾਰਨ ਕਈ ਮਹੀਨੇ ਸਕੂਲ ਨਾ ਜਾ ਸਕਿਆ, ਇਮਤਿਹਾਨ ਵੇਲੇ ਅੱਗੇ ਬੈਠੇ ਮੁੰਡੇ ਤੋਂ ਜਾਣਕਾਰੀ ਲੈਣੀ ਚਾਹੀ ਤਾਂ ਹੈੱਡਮਾਸਟਰ ਨੇ ਵੱਟ ਕੇ ਚਪੇੜ ਮਾਰੀ ਕਿ ਨਕਲ ਨਾ ਕਰੋ।

ਨਵਾਂ ਸਾਈਕਲ ਮਿਲਿਆ ਤਾਂ ਰੇਤ ਦਾ ਸਫ਼ਰ ਵੀ ਖ਼ਤਮ ਹੋ ਗਿਆ। ਹੋਸਟਲ 'ਚ ਸਾਈਕਲ ਚਲਾਉਣ ਲਈ ਮਾਸਟਰ ਨਿਰੰਜਣ ਸਿੰਘ ਪਾਸੋਂ ਕੁੱਟ ਖਾਧੀ। ਉਨ੍ਹਾਂ ਪਾਸੋਂ ਹਿਸਾਬ ਸਿੱਖਿਆ, ਕਾਮਰੇਡੀ ਸਿੱਖੀ। ਉਨ੍ਹਾਂ ਦੀ ਇੱਜ਼ਤ ਸਾਰਾ ਇਲਾਕਾ ਕਰਦਾ ਸੀ। ਉਹ ਕਬੱਡੀ ਦੇ ਰੈਫ਼ਰੀ ਹੁੰਦੇ ਤੇ ਇਮਾਨਦਾਰ ਰੈਫ਼ਰੀ ਕਹਾਉਂਦੇ। ਅਸੀਂ ਇੱਕ ਵਾਰ ਉਨ੍ਹਾਂ ਤੋਂ ਆਪਣੇ ਪਿੰਡ 'ਚ ਸੱਭਿਆਚਾਰਕ ਮੇਲੇ ਦਾ ਉਦਘਾਟਨ ਵੀ ਕਰਵਾਇਆ। ਉਨ੍ਹਾਂ ਕਬੂਤਰ ਅਸਮਾਨ 'ਚ ਛੱਡ ਕੇ ਮੇਲੇ ਦਾ ਉਦਘਾਟਨ ਕੀਤਾ।

ਮਾਸਟਰ ਕਰਤਾਰ ਸਿੰਘ ਜੀ, ਜਿਨ੍ਹਾਂ ਨੂੰ ਅਸੀਂ ਨਾਰਮਲ ਮਾਸਟਰ ਆਖਦੇ ਹੁੰਦੇ, ਉਨ੍ਹਾਂ ਸਾਨੂੰ ਅਲਜ਼ਬਰੇ ਤੇ ਜੁਮੈਟਰੀ ਦੀ ਸੁਚੱਜੇ ਢੰਗ ਨਾਲ ਜਾਣਕਾਰੀ ਦਿੱਤੀ। ਉਹ ਸਾਦੇ ਲਿਬਾਸ 'ਚ ਸਾਈਕਲ ਉੱਪਰ ਸਕੂਲ ਆਉਂਦੇ।

ਇਕ ਵੇਰ ਇੱਕ ਮਹਾਰਾਜਾ ਸਕੂਲ ਵਿੱਚ ਆਇਆ ਤਾਂ ਉਸ ਨੇ ਕਮਰੇ ਲਈ ਪੈਸੇ ਭੇਜਣ ਦਾ ਵਾਅਦਾ ਕੀਤਾ। ਪੈਸੇ ਭੇਜੇ ਨਾ। ਮਾਸਟਰ ਨਿਰੰਜਣ ਸਿੰਘ ਜੀ ਨੇ ਇੱਕ ਸਲੈਬ ਪਾਰਕ 'ਚ ਗੱਡ ਦਿੱਤੀ ਉੱਪਰ ਉਕਰਾ ਦਿੱਤਾ 'ਇਕ ਸੀ ਰਾਜਾ' ਉਹ ਸਲੈਬ ਸਾਲਾਂ ਬੱਧੀ ਗੱਡੀ ਰਹੀ।

ਅਸੀਂ ਹੈੱਡਮਾਸਟਰ ਕਰਤਾਰ ਸਿੰਘ ਜੀ ਤੋਂ ਅਖ਼ਬਾਰ ਪੜ੍ਹਨਾ ਸਿੱਖਿਆ। ਬਾਅਦ 'ਚ ਉਨ੍ਹਾਂ ਸਕੂਲ ਕਾਲਜ ਤੇ ਨਾਲ ਪਾਲੀਟੈਕਨਿਕ ਕਾਲਜ ਸਰਕਾਰ ਤੋਂ ਮਨਜ਼ੂਰ ਕਰਵਾਇਆ। ਉਹ ਹਮੇਸ਼ਾ ਐਨਕ ਪਾ ਕੇ ਰੱਖਦੇ। ਬੱਘੀ ਤੇ ਬੈਠ ਕੇ ਸਕੂਲ ਆਉਂਦੇ। ਉਨ੍ਹਾਂ ਦੇ ਘੋੜੇ ਦੀਆਂ ਟਾਪਾਂ ਕਦੀ-ਕਦੀ ਮੈਨੂੰ ਹੁਣ ਵੀ ਸੁਣਾਈ ਦੇ ਦਿੰਦੀਆਂ ਹਨ।

ਮੈਨ ਨਾਂ ਦਾ ਡਰਾਈਵਰ ਜਦ ਮੋਗੇ ਵੱਲੋਂ ਲਾਰੀ ਲੈ ਕੇ ਆਉਂਦਾ ਤਾਂ ਬੱਚੇ ਖ਼ੁਸ਼ ਹੋ ਜਾਂਦੇ। ਮੈਨ ਲਾਰੀ ਰੋਕ ਕੇ ਕਹਿੰਦਾ, "ਬੈਠ ਜਾਉ ਸਾਰੇ"। 'ਮੈਨ' ਬਹੁਤ ਯਾਦ ਆਉਂਦਾ ਹੈ।

ਬਾਅਦ 'ਚ ਸਾਡੇ ਪਿੰਡ ਮਿਡਲ ਤੇ ਹਾਈ ਸਕੂਲ ਬਣ ਗਿਆ। ਇਸ ਦੇ ਬਣਨ ਵਿੱਚ ਮੇਰੇ ਦੋਸਤ ਮਾਸਟਰ ਹਾਕਮ ਸਿੰਘ ਜੀ ਤੇ ਪਿੰਡ ਦੇ ਸਾਬਕਾ ਡੀ.ਪੀ.ਆਈ. ਨੇ ਮਦਦ ਕੀਤੀ। ਹੁਣ ਉੱਥੋਂ ਹਜ਼ਾਰਾਂ ਮੁੰਡੇ ਕੁੜੀਆਂ ਪੜ੍ਹ ਕੇ ਜਾਦੇ ਹਨ।

ਮੈਨੂੰ ਯਾਦ ਹੈ ਇਲਾਕੇ ਦੇ ਬੱਚਿਆਂ ਨੇ ਰਲ ਕੇ ਸਟੇਡੀਅਮ ਬਣਾਇਆ, ਸਿਰਾਂ ਉੱਪਰ ਮਿੱਟੀ ਦੇ ਭਰੇ ਬੱਠਲ ਚੁੱਕ ਕੇ। ਇੱਥੇ ਵੱਡੇ ਖੇਲ੍ਹ ਕਰਵਾਏ ਗਏ। ਇਸ ਸਦਕਾ ਬਿੱਲੂ, ਨੰਜੋ ਤੇ ਕੈਸ ਵਰਗੇ ਖਿਡਾਰੀ ਪੈਦਾ ਹੋਏ।

ਖ਼ਿਆਲਾਂ 'ਚ ਮਾਸਟਰ ਨਿਰੰਜਣ ਸਿੰਘ ਹੁਣ ਵੀ ਖੇਡਾਂ 'ਚ ਸੀਟੀਆਂ ਮਾਰਦਾ ਨਜ਼ਰ ਆਈ ਜਾਂਦਾ ਹੈ। ਅਸੀਂ ਘਰ ਦਿਆਂ ਦੇ ਦਿੱਤੇ ਚਾਰ ਆਨੇ ਦੇ ਪਕੌੜੇ ਖਾ ਰਹੇ ਹਾਂ। ਚੇਤੇ 'ਚ ਮਾਸਟਰ ਨਿਰੰਜਣ ਸਿੰਘ ਹੁਣ ਵੀ ਹਿਸਾਬ ਸਿਖਾਈ ਜਾਂਦਾ ਹੈ। ਇਨ੍ਹਾਂ ਅਧਿਆਪਕਾਂ ਨੂੰ ਮੈਂ ਹਮੇਸ਼ਾ ਸਿਜਦਾ ਕਰਦਾ ਰਹਿੰਦਾ ਹਾਂ!

**ਮਲਕੀਤ ਸਿੰਘ**

## 9

# ਊੜਾ ਤੇ ਐੜਾ



ਸਾਡਾ ਪ੍ਰਾਇਮਰੀ ਸਕੂਲ ਪਿੰਡ ਦੀ ਧਰਮਸ਼ਾਲਾ ਵਿਚ ਲਗਦਾ ਹੁੰਦਾ ਸੀ। ਜਦੋਂ ਬਾਪੂ ਜੀ ਮੈਨੂੰ ਮਾਸਟਰ ਚੰਬਾ ਲਾਲ ਕੋਲ ਧਰਮਸ਼ਾਲਾ ਵਿਚ ਲੈ ਕੇ ਗਏ ਤਾਂ ਮੈਨੂੰ ਨਹੀਂ ਸੀ ਪਤਾ ਕਿ ਅੱਜ ਮੈਨੂੰ ਬਾਪੂ ਜੀ ਕਿਉਂ ਲੈ ਕੇ ਆਏ ਹਨ। ਉਂਝ ਪਹਿਲਾਂ ਮੈਂ ਕਈ ਵਾਰ ਸਾਥੀਆਂ ਨਾਲ ਖੇਡਦਿਆਂ ਧਰਮਸ਼ਾਲਾ ਵਿਚ ਜਾ ਆਉਂਦਾ ਸਾਂ। ਬਾਪੂ ਜੀ ਨੇ ਮਾਸਟਰ ਚੰਬਾ ਲਾਲ ਜੀ ਨਾਲ ਕੁਝ ਗਿਟ-ਮਿਟ ਕੀਤੀ ਤੇ ਮੈਨੂੰ ਮੇਰੇ ਹਾਣ ਦਿਆਂ ਤੇ ਕੁਝ ਛੋਟੇ-ਛੋਟੇ ਬੱਚਿਆਂ ਵਿਚ ਬੈਠਣ ਲਈ ਕਿਹਾ ਗਿਆ। ਜਦੋਂ ਮਾਸਟਰ ਜੀ ਕੋਲੋਂ ਥੋੜ੍ਹੀ ਦੇਰ ਬਾਅਦ ਬਾਪੂ ਜੀ ਤੁਰਨ ਲੱਗੇ ਤਾਂ ਮੈਂ ਵੀ ਮਗਰ ਹੋ ਲਿਆ। ਮਾਸਟਰ ਚੰਬਾ ਲਾਲ ਜੀ ਨੇ ਮੈਨੂੰ ਰੋਕ ਲਿਆ ਤੇ ਕਿਹਾ ਕਿ ਤੂੰ ਹੁਣ ਬਾਕੀ ਦੇ ਬੱਚਿਆਂ ਨਾਲ ਹੀ ਘਰ ਜਾਣਾ ਹੈ। ਮੈਂ ਇੱਧਰ-ਉੱਧਰ ਵੇਖਿਆ। ਲਾਭਾ ਮੈਨੂੰ ਆਪਣੇ ਕੋਲ ਬੈਠਣ ਲਈ ਇਸ਼ਾਰੇ ਕਰ ਰਿਹਾ ਸੀ। ਉਹ ਮੇਰੇ ਨਾਲ ਖੇਡਦਾ ਹੁੰਦਾ ਸੀ। ਖੇਡ ਦੇ ਖਿਆਲ ਨਾਲ ਮੈਂ ਉਸ ਕੋਲ ਜਾ ਬੈਠਿਆ। ਬਾਪੂ ਜੀ ਧਰਮਸ਼ਾਲਾ ਤੋਂ ਘਰ ਵਾਲੀ ਗਲ਼ੀ ਦਾ ਮੋੜ ਮੁੜ ਚੁੱਕੇ ਸਨ।

ਛੁੱਟੀ ਤੋਂ ਬਾਅਦ ਮੈਨੂੰ ਮੁੰਨਾ ਲਾਲ ਦੀ ਦੁਕਾਨ ਤੋਂ ਫੱਟੀ, ਸਲੇਟ ਤੇ ਕੈਦਾ ਦਵਾਇਆ ਗਿਆ। ਵੱਡਾ ਭਰਾ ਕੁਲਦੀਪ ਸਕੂਲ ਜਾਣ ਤੋਂ ਹਟ ਗਿਆ ਸੀ। ਉਸ ਦੇ ਵਿਹਲੇ ਹੋਏ ਦਰੀ ਦੇ ਝੋਲੇ ਵਿਚ ਮੇਰਾ ਸਮਾਨ ਪਾ ਦਿੱਤਾ ਗਿਆ। ਗਲੀ ਦੇ ਪਿਛਲੇ ਘਰਾਂ 'ਚੋਂ ਆਉਣ ਵਾਲੇ ਬੱਚੇ ਮੈਨੂੰ ਆਵਾਜ਼ ਮਾਰ ਕੇ ਆਪਣੇ ਨਾਲ ਲੈ ਕੇ ਜਾਂਦੇ। ਗਲੀ ਦੇ ਖੁੱਲ੍ਹੇ ਵਾੜੇ ਵਿਚ ਬਾਗਰ ਨਾਂ ਦੇ ਬੰਦੇ ਦਾ ਇਕ ਵੱਡਾ ਸਾਰਾ ਕੁੱਤਾ ਬੰਨ੍ਹਿਆ ਹੁੰਦਾ ਸੀ। ਕੁੱਤੇ ਦਾ ਨਾਂ ਸੀ ਮੋਤੀ। ਉਹ ਬਹੁਤ ਉੱਚੀ ਭੌਂਕਦਾ ਹੁੰਦਾ ਸੀ। ਉਹ ਕਈ ਵੇਰ ਖੁੱਲ੍ਹ ਜਾਂਦਾ ਸੀ ਤੇ ਪਿੰਡ ਵਿਚ ਹਲਾ-ਲਲਾ ਕਰਵਾ ਦਿੰਦਾ ਸੀ। ਸਾਨੂੰ ਉਸ ਨੂੰ ਬੰਨ੍ਹੇ ਹੋਏ ਨੂੰ ਵੇਖ ਕੇ ਡਰ ਲੱਗਦਾ। ਲੰਘਣਾ ਤਾਂ ਉੱਥੇ ਨੂੰ ਹੀ ਹੁੰਦਾ ਸੀ। ਸ਼ੁਰੂ-ਸ਼ੁਰੂ ਵਿਚ ਤਾਂ ਮੇਰੇ ਨਾਲ ਦੇ ਬੱਚੇ ਮੇਰੇ ਦੋਵੇਂ ਪਾਸੇ ਹੋ ਜਾਂਦੇ ਸਨ ਤੇ ਕਹਿੰਦੇ ਸਨ ਕਿ ਬੰਨ੍ਹਿਆ ਹੋਇਆ ਹੈ। ਕੁਝ ਨਹੀਂ ਕਹਿੰਦਾ। ਕੁੱਤੇ ਦਾ ਡਰ ਹੋਣ ਕਰ ਕੇ ਮੈਂ ਸਕੂਲ ਤੋਂ ਇਕੱਲਾ ਕਦੇ ਘਰ ਵੀ ਨਹੀਂ ਸਾਂ ਆਉਂਦਾ।

ਮਾਸਟਰ ਚੰਬਾ ਲਾਲ ਜੀ ਨੇ ਫੱਟੀ ਤੇ ਊੜਾ ਲਿਖ ਕੇ ਦੇ ਦੇਣਾ। ਮੈਂ ਪਹਿਲੇ ਅੱਧੇ ਦਿਨ ਵਿਚ ਉਸ ਵੱਡੇ ਸਾਰੇ ਊੜੇ 'ਤੇ ਸਿਆਹੀ ਫੇਰਨੀ। ਉਸ ਵਿਚ ਐਨੇ ਮੋੜ-ਘੋੜੇ ਹੁੰਦੇ ਸਨ ਕਿ ਸਿਆਹੀ ਕਈ ਵਾਰ ਲਾਇਨ ਤੋਂ ਇੱਧਰ-ਉੱਧਰ ਹੋ ਜਾਣੀ। ਮਾਸਟਰ ਚੰਬਾ ਲਾਲ ਜੀ ਨੇ ਕਹਿਣਾ, "ਜਿਹੜਾ ਬੱਚਾ ਸਵੇਰ ਦਾ ਮਿਲਿਆ ਕੰਮ ਕਰ ਕੇ ਦਿਖਾਵੇਗਾ ਉਹ ਹੀ ਅੱਧੀ ਛੁੱਟੀ ਦੀ ਰੋਟੀ ਖਾ ਸਕੇਗਾ।" ਜਿਹੜਾ ਨਹੀਂ ਦਿਖਾਵੇਗਾ ਉਸ ਦੀ ਅੱਧੀ ਛੁੱਟੀ ਦੀ ਰੋਟੀ ਬੰਦ। ਮੇਰਾ ਕਈ ਵਾਰ ਅਜੇ ਕੰਮ ਰਹਿੰਦਾ ਹੁੰਦਾ। ਸਾਨੂੰ ਪਹਿਲੀ ਕੱਚੀ ਵਾਲਿਆਂ ਨੂੰ ਤਾਂ ਅੱਧੀ ਛੁੱਟੀ ਨੂੰ ਹੀ ਸਾਰੀ ਛੁੱਟੀ ਹੋ ਜਾਂਦੀ ਸੀ। ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਮੈਂ ਹੁਣ ਕੀ ਕਰਾਂ। ਕੋਸ਼ਿਸ਼ ਕਰ ਕੇ ਮੈਂ ਅੱਧੀ ਛੁੱਟੀ ਤੱਕ ਊੜੇ 'ਤੇ ਸਿਆਹੀ ਵਾਹਣ ਲੱਗ ਪਿਆ। ਉਦੋਂ ਮੈਂ ਡੌਰ-ਭੌਰ ਜਿਹਾ ਹੋ ਗਿਆ ਜਦੋਂ ਮਾਸਟਰ ਚੰਬਾ ਲਾਲ ਜੀ ਨੇ ਊੜੇ ਦੇ ਨਾਲ ਆੜਾ ਵੀ ਮੇਰੀ ਫੱਟੀ 'ਤੇ ਲਿਖ ਧਰਿਆ।

ਹੁਣ ਊੜੇ ਦਾ ਆਕਾਰ ਥੋੜ੍ਹਾ ਛੋਟਾ ਹੋ ਗਿਆ ਤੇ ਆੜੇ ਦਾ ਊੜੇ ਤੋਂ ਵੀ ਵੱਡਾ। ਮੈਨੂੰ ਜਾਪਣ ਲੱਗਾ ਕਿ ਮੈਂ ਵੀ ਵੱਡੇ ਭਰਾ ਕੁਲਦੀਪ ਵਾਂਗ ਬਸ ਹੁਣ ਥੋੜ੍ਹੇ ਹੀ ਦਿਨ ਸਕੂਲ ਆ ਸਕਾਂਗਾ। ਇਸ ਕੰਮ ਨਾਲੋਂ ਤਾਂ ਘਰੇ ਕੱਟੀਆਂ-ਵੱਛੀਆਂ ਨੂੰ ਘਾਅ-ਪੱਠੇ ਦੇ ਡੱਕੇ ਖੁਆ ਦਿੰਦਾ ਤਾਂ ਕਿੰਨਾ ਚੰਗਾ ਹੁੰਦਾ। ਨਿੱਕੀ ਭੂਰੀ ਕੱਟੀ ਜੇ ਕਿਸੇ ਨੇ ਛਾਵੇਂ ਨਾ ਕੀਤੀ ਤਾਂ ਵਿਚਾਰੀ ਧੁੱਪ ਵਿਚ ਹੌਂਕਦੀ ਹੋਵੇਗੀ। ਛੁੱਟੀ ਤੋਂ ਆ ਕੇ ਮੈਂ ਉਨ੍ਹਾਂ ਨਾਲ ਖੇਡਦਾ ਰਹਿੰਦਾ। ਊੜੇ ਦੇ ਨਾਲ ਆੜਾ ਲਿਖਣ ਦੀ ਰੁਕਾਵਟ ਦੌਰਾਨ ਮੈਨੂੰ ਤਰ੍ਹਾਂ-ਤਰ੍ਹਾਂ ਦੇ ਖਿਆਲ ਆਉਂਦੇ। ਕਈ ਵਾਰ ਜਮਾਤ ਵਿਚ ਰੌਲ਼ਾ ਪੈਂਦਾ ਵੇਖ ਕੇ ਮਾਸਟਰ ਚੰਬਾ ਲਾਲ ਨੇ 'ਮੁੰਡਿਓ' ਕਹਿ ਕੇ ਆਪਣੀਆਂ ਅੱਖਾਂ ਬੰਟਿਆਂ ਵਾਂਗ ਘੁੰਮਾਉਣੀਆਂ ਤਾਂ ਸਾਡਾ ਤ੍ਰਾਹ ਨਿਕਲ ਜਾਣਾ। ਊੜੇ ਦੇ ਨਲ ਜਦੋਂ ਦਾ ਆੜਾ ਮੇਰੀ ਫੱਟੀ 'ਤੇ ਆ ਗਿਆ ਸੀ ਤਾਂ ਮੈਨੂੰ ਲੱਗਣ ਲੱਗਾ ਕਿ ਮੇਰੀ ਫੱਟੀ ਵੀ ਪਹਿਲਾਂ ਨਾਲੋਂ ਭਾਰੀ ਹੋ ਗਈ ਹੈ। ਇਨ੍ਹਾਂ ਦੋਵੇਂ ਅੱਖਰਾਂ ਨੂੰ ਮੈਂ ਅੱਧੀ ਛੁੱਟੀ ਤਕ ਲਿਖ ਕੇ ਦਿਖਾਉਣ ਦੇ ਸਮਰੱਥ ਨਹੀਂ ਸਾਂ। ਜੇ ਥੋੜ੍ਹੀ ਦੇਰ ਬਾਅਦ ਤੱਕ ਇਹ ਕੰਮ ਮੁੱਕਦਾ ਤਾਂ ਮੈਨੂੰ ਇਕੱਲੇ ਨੂੰ ਲ ਛੁੱਟੀ ਹੁੰਦੀ। ਇਕੱਲੇ ਨੂੰ ਛੁੱਟੀ ਕਰਨੀ ਤਾਂ ਵੱਡੀ ਬਿਪਤਾ ਛੇੜਨ ਵਾਲੀ ਗੱਲ ਸੀ ਕਿਉਂਕਿ ਰਸਤੇ ਦੇ ਵਿਚ ਬਾਗਰ ਦਾ ਮੋਤੀ ਅੱਵਲ ਤਾਂ ਬੰਨ੍ਹਿਆ ਹੋਇਆ ਹੀ ਨਹੀਂ ਮਾਣ ਤੇ ਜੇ ਕਿਧਰੇ ਖੁੱਲ੍ਹ ਗਿਆ। ਹਾਲਤ ਇਹ ਬਣ ਗਈ ਕਿ ਕਾਲੀ ਸਿਆਹੀ ਨਾਲ ਕੱਪੜੇ ਤੇ ਮੂੰਹ ਸਿਰ ਕਾਲਾ ਹੋ ਜਾਣਾ। ਦੋਵੇਂ ਅੱਖਰਾਂ ਨਾਲ ਅੱਧੀ ਦਿਹਾੜੀ ਤੱਕ ਘੁਲਦਿਆਂ ਮੈਨੂੰ ਖਿਆਲ ਆਉਣ ਲੱਗ ਪਿਆ ਕੁਰਸੀ ਤੇ ਬੈਠਾ ਮਾਸਟਰ ਓਹ ਤੇ ਕਿ ਰਸਤੇ ਦੇ ਵਿੱਚ ਲੰਬਾ ਕਰ ਕੇ ਸੰਗਲ ਨਾਲ ਬੰਨ੍ਹਿਆ ਹੋਇਆ ਬਾਗਰ ਦਾ ਮੋਤੀ ਹੀ ਆੜਾ ਹੈ। ਮੈਂ ਮਨੋ-ਮਨੀ ਬਹੁਤ ਦੇਰ ਤੱਕ 'ੳ' ਤੇ ਮਾਸਟਰ ਅਤੇ ਆੜੇ ਅਤੇ ਮੋਤੀ ਦੇ ਰਲਦੇ-ਮਿਲਦੇ ਆਕਾਰ ਬਾਰੇ ਸੋਚਦਾ ਰਹਿੰਦਾ। ਫਿਰ ਜਦੋਂ ਦੂਜੇ ਸਾਥੀ ਬੱਚਿਆਂ ਦੀਆਂ ਫੱਟੀਆਂ, ਤੇ ਪੂਰੀ ਪੈਂਤੀ ਅਤੇ ਗਿਣਤੀ ਲਿਖੀ ਵੇਖਦਾ ਤਾਂ ਹੌਸਲਾ ਹੋ ਜਾਂਦਾ। ਸਾਲ ਦੇ ਅਖ਼ੀਰ ਤੱਕ ਮੈਂ ਪੂਰੀ ਪੈਂਤੀ ਤੇ ਪੰਜਾਹ ਤੱਕ ਜ਼ਬਾਨੀ ਗਿਣਤੀ ਲਿਖਣ ਲੱਗ ਪਿਆ ਤੇ ਦੂਜੀ ਸ਼੍ਰੇਣੀ ਵਿਚ ਹੋ ਗਿਆ, 'ੳ' ਤੇ ਕੁਰਸੀ ਤੇ ਬੈਠਾ ਮਾਸਟਰ ਅਤੇ ਆੜਾ ਤੇ ਮੋਤੀ ਮੈਨੂੰ ਮੇਰੇ ਦੋਸਤ ਲੱਗਣ ਲੱਗੇ।

**ਡਾ. ਗੁਰਮੀਤ ਸਿੰਘ ਬੈਦਵਾਣ**



Forever Learning
ISBN 978-93-89198-17-1
9 789389 198171
www. unistarbooks.com ₹ 95/-